ੴ ਵਾਹਿਗੁਰੂ ਜੀ ਕੀ ਫ਼ਤਹ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ,
ਸੋ ਕਹੀਅਤ ਹੈ ਸੂਰਾ ॥

# ਸੂਰਾ

ਪਟਿਆਲਾ

ਫ਼ਰਵਰੀ
੧੯੭੦

FEBRUARY
1970

ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
ਅਖੰਡ ਕੀਰਤਨੀ ਜੱਥਿਆਂ ਦੀ ਸਰਪ੍ਰਸਤੀ ਹੇਠ

ਅੱਧ- ਮਾਸਕ ਪੱਤਰ

www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | 'ਸੂਰਾ' ਦਾ ਪਿਛੋਕੜ | ੩ | ਸੰਪਾਦਕ |
| ੨ | ਇਹ ਵਿਤਕਰਾ ਤੇ ਬੇਇਨਸਾਫ਼ੀ ਕਿਉਂ ? | ੬ | ਸੰਪਾਦਕ |
| ੩ | ਆਨਮਤ ਦਾਨ ਇਸ਼ਨਾਨ ਤੇ ਗੁਰਮਤਿ ਨਾਮ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪ | ਮਨੁਖਤਾ ਦੇ ਰਾਜਦੂਤ | ੧੨ | ਸ੍ਰ: ਜੋਧ ਸਿੰਘ ਜੀ ਸਾਹਿਤ ਰਤਨ ਬਨਾਰਸ |
| ੫ | ਗੁਰਮਤਿ ਕੀਰਤਨ | ੧੬ | ਪ੍ਰੋ: ਹਰਬੰਸ ਸਿੰਘ ਜੀ |
| ੬ | ਓਅੰਕਾਰ ਇਕ ਅਧਿਐਨ | ੨੦ | ਪ੍ਰੋ ਪਿਆਰਾ ਸਿੰਘ ਪਦਮ |
| ੭ | ਗੁਰਮਤਿ ਵਿਚ ਆਏ ਹੋਏ ਦੀ ਪਹਿਚਾਨ | ੨੫ | ਪ੍ਰਿੰ: ਮੇਹਰ ਸਿੰਘ ਜੀ ਡੇਹਰਾਦੂਨ |
| ੮ | ਅਨਮੋਲ ਰਤਨ | ੨੭ | ਭਾ: ਮਨਮੋਹਨ ਸਿੰਘ ਜੀ ਪਟਨਾ |
| ੯ | ਸਿਖ ਇਤਿਹਾਸ ਦੀ ਫ਼ਰਦ | ੨੯ | ਗਿਆਨੀ ਜਸਮੇਰ ਸਿੰਘ ਜੀ [illegible]ਲ ਚੰਡੀਗੜ੍ਹ |
| ੧੦ | ਸ੍ਰੀਮਾਨ ਭਾਈ ਅਤਰ ਸਿੰਘ ਜੀ | ੩੪ | ਭਾ: ਸੁਰਜਨ ਸਿੰਘ ਜੀ |
| ੧੧ | ਗੁਰਪੁਰਬ ਮਨਾਉਂਦਿਆਂ ਪ੍ਰਤੱਗਿਆ | ੩੭ | ਭਾ: ਜਗਤ ਸਿੰਘ ਜੀ ਜਗਤ ਫਤੋਵਾਲ |


## 'ਸੂਰਾ' ਦਾ ਅੱਧ-ਮਾਸਕ ਸਾਲਾਨਾ ਚੰਦਾ

ਦੇਸ–12 ਰੁਪਏ ਪ੍ਰਦੇਸ–ਸਮੁੰਦਰੀ ਡਾਕ 20 ਰੁਪਏ ਪ੍ਰਦੇਸ–ਹਵਾਈ ਡਾਕ 60 ਰੁਪਏ

ਲਾਈਫ਼ ਮੈਂਬਰ–250 ਰੁਪਏ ਪ੍ਰਤੀ ਕਾਪੀ 70 ਪੈਸੇ

## * ਧੰਨਵਾਦ *

(੧) ਭਾ: ਲਖਦੇਵ ਸਿੰਘ ਜੀ ਹੁਸ਼ਿਆਰਪੁਰ 51 ਰੁਪੈ 10 ਪੈਸੇ

(੨) ਭਾ: ਅਮਰੀਕ ਸਿੰਘ ਜੀ ਲੁਧਿਆਣਾ 5 ਰੁ:

## † ਮਾਸਕ ਪੱਤਰ 'ਸੂਰਾ' †

| | |
|---|---|
| ਦੇਸ | 7-00 |
| ਪ੍ਰਦੇਸ ਸਮੁੰਦਰੀ ਡਾਕ | 12-00 |
| ਪ੍ਰਦੇਸ ਹਵਾਈ ਡਾਕ | 36-00 |

(ਸਫ਼ਾ ੪੨ ਦੀ ਬਾਕੀ)

ਜਦ ਵੀ ਦੇਸ਼ ਕੌਮ ਤੇ ਭੀੜਾ ਬਣੇ ਤਾਂ ਲੰਮੀਆਂ ਤਾਨ ਕੇ ਗੁਦਾਵਰੀ ਦੇ ਕੰਢੇ ਤੇ ਮੌਜਾਂ ਨਹੀਂ ਮਾਨਣੀਆਂ ਸਗੋਂ ਮਹਲਾਂ ਦੇ ਨਾਲ ਖੰਡਾ ਵੀ ਫੜਨਾ ਪੈਣਾ ਹੈ ਤੇ ਇਹ ਪੜਨਾ ਤਾਂ ਹੀ ਸਫਲ ਹੋਵੇਗਾ। ਭਾਈ ਅਸਲ ਬੰਦਾ ਬਣ ਕੇ ਬਹਾਦਰਾਂ ਵਾਲੇ ਕੰਮ ਕਰਨੇ ਹਨ।

ਪਹਿਲਾਂ ਤਾਂ ਸ਼ੁਭ ਗੁਣਾਂ ਤੋਂ ਕਦੇ ਮੁਖ ਨਾ ਮੋੜਾਂ।

ਦੇਹ ਸ਼ਿਵਾ ਬਰ ਮੋਹੇ ਏਹੇ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ।

ਪਰ ਜਦੋਂ ਲੋੜ ਪਵੇ ਤਾਂ ਕੀ ਕਰਾਂ—

ਜਬ ਆਵ ਕੀ ਅਉਧ ਨਿਧਾਨ ਬਣੇ
ਅਤਿ ਹੀ ਰਨ ਮੇਂ ਤਬ ਜੂਝ ਮਰੋਂ।

ਇਸ ਤਰ੍ਹਾਂ ਸੰਤ ਸਿਪਾਹੀ ਪੂਰਣ ਮਨੁਖ ਵਾਹਿਗੁ ਜੀ ਦੇ ਲੜ ਲਗ ਕੇ ਖਾਲਸਾ ਪੰਥ ਸਾਜਿਆ। ਸ੍ਰੀ ਅਨੰਦਪੁਰ ਸਾਹਿਬ ਮੇਰੇ ਦਾਤਾਰ ਗੁਰੂ ਜੀ ਨੇ ਦੇ ਕੇ ਦਾਤ ਅੰਮ੍ਰਿਤ ਦੀ।

+ +

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




# ਸੂਰਾ ਪਟਿਆਲਾ

## ਗੁਰਮਤਿ ਪਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ਮਾਘ-ਫਗਣ ੫੦੦ ਨਾਨਕ ਸ਼ਾਹੀ [ ਅੰਕ ੧


ਫਲਗੁਣਿ ਅਨੰਦੁ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ।  
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ।  
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ।  
ਇਛ ਪੁੰਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ।  
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ।  
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ।  
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ।  
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ।  
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ।  
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ।੧੩।  
(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ : ਪਿਆਰਾ ਸਿੰਘ

**੫ ਫ਼ਰਵਰੀ ੧੯੭੦**

ਆਨਰੇਰੀ ਸੰਪਾਦਕ : ਸਰਦਾਰ ਸਿੰਘ (Rtd. S.D.O)

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ 5 ਫਰਵਰੀ 1970 ਨੂੰ ਪ੍ਰਕਾਸ਼ਤ ਕੀਤਾ।


www.AKJ.Org




# 'ਸੂਰਾ' ਦਾ ਪਿਛੋਕੜ

ਸਰਬੱਤ ਗੁਰੂ ਪਿਆਰੇ 'ਸੂਰਾ' ਦੇ ਪਾਠਕ ਜਾਣਦੇ ਹਨ ਕਿ ਫ਼ਰਵਰੀ **1970** ਤੋਂ ਇਹ ਸੰਗਤਾਂ ਦਾ ਪਰਚਾ ਪੰਜਵੇਂ ਸਾਲ ਵਿਚ ਦਾਖ਼ਲ ਹੋ ਰਿਹਾ ਹੈ।

ਸੰਗਤਾਂ ਦੇ ਉਦਮ ਤੇ ਸਹਿਯੋਗ ਨਾਲ ਸੂਰਾ ਦੇ ਪ੍ਰਬੰਧਕਾਂ ਨੇ 'ਸੂਰਾ ਪ੍ਰਿੰਟਿੰਗ ਪ੍ਰੈਸ' ਵੀ ਲਾ ਲਿਆ ਹੈ। ਜਿਥੇ ਪਿਛਲੇ ਚਾਰ ਸਾਲਾਂ ਤੋਂ ਇਹ 'ਸੂਰਾ' ਬਾਕਾਇਦਾ ਛਪ ਕੇ ਗੁਰਮਤਿ ਦਾ ਪਰਚਾਰ ਕਰ ਰਿਹਾ ਹੈ, ਉਥੇ ਨਾਲ ਹੀ ਕਈ ਛੋਟੀਆਂ ਵਡੀਆਂ ਪੁਸਤਕਾਂ ਵੀ ਇਸ ਪ੍ਰੈਸ ਰਾਹੀਂ ਛਪੀਆਂ ਹਨ। ਸੁਚੱਜੇ ਤੇ ਖੋਜ ਭਰੇ ਲੇਖਾਂ ਰਾਹੀਂ ਕਈ ਜਗਿਆਸੂਆਂ ਨੂੰ ਤੱਤ ਗੁਰਮਤਿ ਦੀ ਸੋਝੀ ਕਰਾਈ ਹੈ।

ਜਿਥੇ ਪਿਛਲੇ ਸਾਲ ਗੁਰੂ ਨਾਨਕ ਪਾਤਸ਼ਾਹ ਜੀ ਦਾ **500** ਸਾਲਾ ਪ੍ਰਕਾਸ਼ ਉਤਸ਼ਵ ਸਰਬੱਤ ਗੁਰੂ ਨਾਨਕ ਪ੍ਰੇਮੀਆਂ ਨੇ ਬੜੇ ਪਿਆਰ ਤੇ ਉਮਾਹ ਨਾਲ ਮਨਾਇਆ, ਉਥੇ ਅਸਾਂ ਸੇਵਾਦਾਰਾਂ ਨੇ ਵੀ ਫ਼ੈਸਲਾ ਕੀਤੀ ਸੀ ਕਿ 'ਸੂਰਾ' ਪਰਚੇ ਨੂੰ ਪੰਦਰਵਾੜਾ (ਅੱਧ-ਮਾਸਕ ਪੱਤਰ) ਬਣਾ ਕੇ ਗੁਰੂ ਨਾਨਕ ਸੰਦੇਸ਼ ਨੂੰ ਵਧੇਰੇ ਜ਼ੋਰ ਸ਼ੋਰ ਨਾਲ ਘਰ ਘਰ ਪੁਚਾਈਏ।

ਇਸੇ ਵਿਚਾਰ ਦਾ ਸਦਕਾ ਅਸੀਂ ਫ਼ਰਵਰੀ 70 ਤੋਂ 'ਸੂਰਾ' ਅੱਧ-ਮਾਸਕ ਪੱਤਰ ਛਾਪਣ ਦਾ ਉਦਮ ਕਰ ਰਹੇ ਹਾਂ।

ਜਿਵੇਂ ਪਿਛਲੇ ਚਾਰ ਸਾਲ ਗੁਰਮਤਿ ਪ੍ਰੇਮੀਆਂ ਨੇ ਸਾਨੂੰ ਆਪਣਾ ਨਿੱਘਾ ਸਹਿਯੋਗ ਦਿਤਾ ਹੈ, ਉਸੇ ਤਰ੍ਹਾਂ ਹੀ ਸਾਨੂੰ ਆਸ ਹੈ ਕਿ ਸਰਬੱਤ ਮਾਈ ਭਾਈ ਹੁਣ ਵੀ 'ਸੂਰਾ' ਦੇ ਵਧ ਤੋਂ ਵਧ ਪਾਠਕ ਬਣਾ ਕੇ ਗੁਰੂ ਬਾਬੇ ਦਾ ਸੰਦੇਸ਼ ਘਰ ਘਰ ਪੁਚਾਣ ਦਾ ਉਦਮ ਕਰਦੇ ਰਹਿਣਗੇ।

'ਸੂਰਾ' ਅੱਧ ਮਾਸਕ ਕਰਨ ਬਾਰੇ ਅਸੀਂ ਪਿਛਲੇ ਪਰਚੇ ਵਿਚ ਜੋ ਐਲਾਨ ਕੀਤਾ ਸੀ, ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਦੁਆਰਾ ਤੇ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਹੁਣ ਤੋਂ 'ਸੂਰਾ' ਮਹੀਨੇ ਵਿਚ ਦੋ ਵਾਰ ਛਪਿਆ ਕਰੇਗਾ। ਜਿਹੜੇ ਗੁਰਮੁਖ ਪਿਆਰੇ ਅੱਧ ਮਾਸਕ ਪੱਤਰ ਦਾ ਚੰਦਾ **12** ਰੁਪੈ ਸਾਲਾਨਾ ਸਹਿਣ ਨਾ ਕਰ ਸਕਣ, ਉਹ ਵੀਰ ਉਸੇ ਤਰ੍ਹਾਂ ਹੀ ਸਾਲਾਨਾ ਚੰਦਾ **7** ਰੁਪੈ ਭੇਜਣ, ਤਾਂਕਿ ਉਹਨਾਂ ਨੂੰ ਉਵੇਂ ਹੀ ਪਰਚਾ ਪੁਜਦਾ ਰਹੇ। ਸਾਡੀ ਪੂਰੀ ਕੋਸ਼ਸ਼ ਹੋਵੇਗੀ ਕਿ ਚਲਦੇ ਲੇਖ ਦੀ ਬਾਕੀ ਤੋਂ ਕੋਈ ਪਾਠਕ ਵੀਰ ਵਾਂਝਾ ਨਾ ਰਹੇ।

ਨੋਟ:—ਜਿਸ ਵੀਰ ਵਲੋਂ ਅਧ-ਮਾਸਕ ਦਾ ਚੰਦਾ ਜਾਂ ਕੋਈ ਸੂਚਨਾ ਪੁਜੇਗੀ, ਉਸੇ ਨੂੰ ਹੀ ਇਸ ਮਹੀਨੇ ਦਾ ਦੂਜਾ ਅੰਕ ਭੇਜਿਆ ਜਾਵੇਗਾ।

(ਸੰਪਾਦਕ)

---

## 'ਸੂਰਾ' ਦਾ ਅਧ-ਮਾਸਕ ਸਾਲਾਨਾ ਚੰਦਾ

**ਦੇਸ—12 ਰੁਪਏ** **ਪ੍ਰਦੇਸ—ਸਮੁੰਦਰੀ ਡਾਕ 20 ਰੁਪਏ** **ਪ੍ਰਦੇਸ—ਹਵਾਈ ਡਾਕ 60 ਰੁਪਏ**

**ਲਾਈਫ਼ ਮੈਂਬਰ—250 ਰੁਪਏ** **ਪ੍ਰਤੀ ਕਾਪੀ 70 ਪੈਸੇ**



www.AKJ.Org

# ਸਾਲਾਨਾ ਅਖੰਡ ਕੀਰਤਨ ਸਮਾਗਮ ਪਟਿਆਲਾ

## * ਪ੍ਰੋਗਰਾਮ *

## ਅਮਰ ਆਸ਼ਰਮ ਵਿਖੇ

੧੦ ਫ਼ਰਵਰੀ ੧੯੭੦ ਨੂੰ ਸਵੇਰੇ ੪ ਤੋਂ ੮ ਤਕ
ਕੀਰਤਨ ਸ੍ਰੀ ਆਸਾ ਜੀ ਦਾ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ

੧੨ ਫ਼ਰਵਰੀ ਦਿਨ ਵੀਰਵਾਰ
ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ

## ਗੁ: ਦਰਸ਼ਨੀ ਦਰਬਾਰ, ਨਾਮਦਾਰ ਖਾਂ ਰੋਡ

੧੩ ਫ਼ਰਵਰੀ ਸ਼ੁਕਰਵਾਰ ਸਵੇਰੇ ੫ ਤੋਂ ੧੨ ਵਜੇ ਤਕ
ਕੀਰਤਨ ਸ੍ਰੀ ਆਸਾ ਜੀ ਦੀ ਵਾਰ ।

## ਗੁ: ਨਵੀਨ ਸ੍ਰੀ ਗੁਰੂ ਸਿੰਘ ਸਭਾ

੧੩ ਫ਼ਰਵਰੀ ਸ਼ਾਮ– ਕੀਰਤਨ ੬.੩੦ ਤੋਂ ੯.੩੦ ਰਾਤ ਤਕ

## ਗੁ: ਸ੍ਰੀ ਦੂਖ ਨਿਵਾਰਨ ਸਾਹਿਬ

੧੪.੨.੭੦ ਦਿਨ ਸ਼ਨੀਚਰਵਾਰ ਅੰਮ੍ਰਿਤ ਵੇਲੇ ਹਜ਼ੂਰੀ ਕੀਰਤਨ।

## ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਟੀ

੧੪.੨.੭੦ ਕੀਰਤਨ ਸ਼ਾਮ ੪ ਤੋਂ ੭ ਵਜੇ ਤਕ

## ਅਮਰ ਆਸ਼ਰਮ (ਨੇੜੇ ਤਸੀਲ)

੧੪.੨.੭੦ ਸ਼ਨੀਵਾਰ ਨੂੰ ੨ ਵਜੇ ਦੁਪਹਿਰ **ਅੰਮ੍ਰਿਤ ਸੰਚਾਰ** ਹੋਵੇਗਾ।

ਸ਼ਾਮ ਨੂੰ **ਕੀਰਤਨ ਰੈਣ ਸਬਾਈ** ੮ ਵਜੇ ਅਰੰਭ ਹੋਵੇਗਾ।

ਨੋਟ :–੧. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਤੇ ਲੰਗਰ ਦਾ ਪ੍ਰਬੰਧ ਅਮਰ ਆਸ਼ਰਮ ਵਿਖੇ ਹੋਵੇਗਾ। ਆਉਣ ਵਾਲੀਆਂ ਸੰਗਤਾਂ ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨ।

੨. ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

ਪੁੱਛ ਗਿੱਛ ਲਈ—

**ਭਾ: ਮਹਿੰਦਰ ਸਿੰਘ**

C/o ਮੈਨੇਜਰ 'ਸੂਰਾ'
ਰਾਘੋਮਾਜਰਾ, ਪਟਿਆਲਾ।

ਦਾਸਰੇ–

**ਅਖੰਡ ਕੀਰਤਨੀ ਜਥਾ,**

ਪਟਿਆਲਾ।



www.AKJ.Org

# ਇਹ ਵਿਤਕਰਾ ਤੇ ਬੇਇਨਸਾਫ਼ੀ ਕਿਉਂ ?

ਫ਼ੌਜ ਵਿਚ ਭਰਤੀ ਹੋਏ ਸਿਖ ਕਰਮਚਾਰੀਆਂ ਨਾਲ ਵਡੇ ਅਫ਼ਸਰਾਂ ਵਲੋਂ ਆਏ ਦਿਨ ਧੱਕਾ ਹੁੰਦਾ ਰਹਿੰਦਾ ਹੈ। ਫਿਰਕੂ ਦ੍ਰਿਸ਼ਟੀ ਰਖਣ ਵਾਲੇ ਅਫਸਰ ਆਪਣੇ ਮਾਤਹਿਤ ਕੰਮ ਕਰਨ ਵਾਲੇ ਸਿਖ ਫ਼ੌਜੀਆਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਕਰਦੇ ਹਨ।

ਇਕ Air Force Barnala ਤੋਂ W. O. K. S. Chima RI to/Mcc ਨੰਬਰ ਵਾਲੇ ਇਕ ਫੌਜੀ ਸਿਖ ਇਉਂ ਲਿਖਦੇ ਹਨ—

"ਮੈਨੂੰ Nov. **1967** ਤੋਂ ਲੈ ਕੇ **14-4-69** ਤਕ ਥਾਵਾਂ ਬੈਰਕਪੁਰ, ਬੜੌਦੇ, ਅੰਬਾਲੇ, ਚੰਡੀਗੜ੍ਹ ਅਤੇ ਸ਼ਿਲਾਂਗ ਬਦਲਿਆ ਗਿਆ। ਮੇਰੇ ਅਫ਼ਸਰ M. W. O. Chandra ਨੇ ਮੈਨੂੰ ਕਈ ਤਰ੍ਹਾਂ ਦੀਆਂ ਤੰਗੀਆਂ ਦਿਤੀਆਂ। ਝੂਠਾ ਕੇਸ ਬਣਾ ਕੇ ਨੌਕਰੀ ਤੋਂ ਕਢਣ ਦਾ ਯਤਨ ਕੀਤਾ। ਮੇਰੀ ਸ਼ਾਂਤਮਈ ਦਾ ਨਾਜਾਇਜ਼ ਫ਼ਾਇਦਾ ਲੈ ਕੇ ਛੋਟੀ ਕਿਰਪਾਨ ਤੇ ਕੜਾ ਲਾਹਿਆ ਗਿਆ। ਇਹ ਸਾਰੀਆਂ ਸ਼ਰਾਰਤਾਂ Squ. Ldr. Khullar, Sqr Ldr. Sharma ਦੇ ਕਾਰਨ ਹੋਈਆਂ। ਇਕ ਕਮਰੇ ਵਿਚ ਬੰਦ ਕਰਕੇ ਇਸ ਕਰਕੇ ਭੁਖਾ ਰਖਿਆ ਗਿਆ ਕਿ ਇਹ ਪਾਗ਼ਲ ਹੈ। ਹੁਣ ਮੈਨੂੰ ਜਲੰਧਰ M. H. ਵਿਚ ਭੇਜ ਦਿਤਾ ਹੈ ਤੇ ਕਈ ਬਹਾਨੇ ਬਣਾ ਕੇ, ਦੋਸ਼ ਲਾ ਕੇ ਨੌਕਰੀ ਤੋਂ ਕਢਣ ਦੀ ਤਿਆਰੀ ਕੀਤੀ ਜਾ ਰਹੀ ਹੈ। ਤਨਖ਼ਾਹ ਤਿੰਨ ਮਹੀਨੇ ਤੋਂ ਨਹੀਂ ਮਿਲੀ।"

ਅਸੀਂ ਭਾਰਤ ਸਰਕਾਰ ਦੇ ਉਚ ਕਰਮਚਾਰੀਆਂ ਨੂੰ ਜ਼ੋਰਦਾਰ ਸ਼ਬਦਾਂ ਵਿਚ ਅਪੀਲ ਕਰਦੇ ਹਾਂ ਕਿ ਉਹ ਫ਼ਿਰਕੂ ਅਫ਼ਸਰਾਂ ਨੂੰ ਜ਼ਬਤ ਵਿਚ ਰਖੇ ਤੇ ਰਖੇ ਤੇ ਸਿਪਾਹੀਆਂ ਨਾਲ ਇਨਸਾਫ਼ ਕਰਾ ਕੇ ਦੇਸ਼, ਕੌਮ ਦਾ ਸਹੀ ਅਰਥਾਂ ਵਿਚ ਭਲਾ ਸੋਚੇ। (ਸੰਪਾਦਕ)

---

## —ਸਾਥੋਂ ਵਿਛੜੀ ਰੂਹ ਦੀ ਯਾਦ ਵਿਚ—

ਸਾਡੇ ਪੂਜਿਯ ਪਿਤਾ ਸਰਦਾਰ ਸ਼ਾਮ ਸਿੰਘ ਜੀ ਸਿੱਧੂ (ਖੰਨਾ), **25** ਜਨਵਰੀ, **1970** ਸ਼ਾਮ ਦੇ ਸਵਾ **6** ਵਜੇ ਪਰਲੋਕ ਸੁਧਾਰ ਗਏ। ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਦਾ ਭੋਗ **8** ਫਰਵਰੀ, **1970** ਦਿਨ ਐਤਵਾਰ ਨੂੰ ਸਵੇਰੇ **5** ਵਜੇ ਕੋਠੀ ਨੰਬਰ **82** (ਹੋਮ ਸਾਂਇਸ ਕਾਲਜ ਦੇ ਲਾਗੇ) ਸੈਕਟਰ **10**—ਏ, ਚੰਡੀਗੜ੍ਹ, ਵਿਖੇ ਪਵੇਗਾ। ਉਸ ਤੋਂ ਉਪਰੰਤ ਕੀਰਤਨ ਅਤੇ ਸਹਿਜ ਪਾਠ ਦਾ ਭੋਗ **1-00** ਵਜੇ ਦੁਪਹਿਰ ਪਵੇਗਾ। ਸਾਰੇ ਪ੍ਰੇਮੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਡੇ ਪਿਤਾ ਜੀ ਦੇ ਨਿਮਿਤ ਅਰਦਾਸ ਵਿਚ ਸ਼ਾਮਲ ਹੋ ਕੇ ਦਾਸਾਂ ਨੂੰ ਧੰਨਵਾਦੀ ਬਣਾਉਣਾ। —ਪ੍ਰਾਰਥਕ—

ਮੇਜਰ ਬਰਜਿੰਦਰ ਸਿੰਘ, ਕੈਪਟਨ ਨਰਿੰਦਰ ਸਿੰਘ

---


## ਪ੍ਰੋ. ਪਿਆਰਾ ਸਿੰਘ ਪਦਮ ਰਚਿਤ ਪੁਸਤਕਾਵਲੀ

(੧) ਗੁਰੂ ਨਾਨਕ ਬਾਰੇ—ਰਬਾਬ ੫), ਨਾਨਕੁ ਸਾਇਰੁ ਏਵ ਕਹਤ ਹੈ ੫), ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ੪), ਤਬਿ ਫਿਰਿ ਬਾਬਾ ਨਾਨਕ ਬੋਲਿਆ ੪)

(੨) ਗੁਰੂ ਗੋਬਿੰਦ ਸਿੰਘ ਬਾਰੇ—ਗੋਬਿੰਦ ਸਾਗਰ ੪), ਦਸਮ ਗ੍ਰੰਥ ਦਰਸ਼ਨ ੫), ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ ੩), ਚਾਰ ਸਾਹਿਬਜ਼ਾਦੇ (ਅੱਲ੍ਹਾ ਯਾਰ ਖ਼ਾਂ ਜੋਗੀ ਦੀਆਂ ਨਜ਼ਮਾਂ) ੨॥), ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ ੧੫)




www.AKJ.Org

# ਆਨਮਤ ਦਾਨ ਇਸ਼ਨਾਨ ਤੇ ਗੁਰਮਤਿ ਨਾਮ

(ਵਲੋਂ—ਸਚਖੰਡਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ)

ਗਉੜੀ ਮ: ੫ ।। ਕੋਟਿ ਮਜਨ ਕੀਨੋ ਇਸਨਾਨ ।
ਲਾਖ ਅਰਬ ਖਰਬ ਦੀਨੋ ਦਾਨੁ ।
ਜਾ ਮਨਿ ਵਸਿਓ ਹਰਿ ਕੋ ਨਾਮੁ ।੧।
ਸਗਲ ਪਵਿਤ ਗੁਣ ਗਾਇ ਗੁਪਾਲ ।
ਪਾਪ ਮਿਟਹਿ ਸਾਧੂ ਸਰਨਿ ਦਇਆਲ।੧।ਰਹਾਉ।
ਬਹੁਤੁ ਉਰਧ ਤਪ ਸਾਧਨ ਸਾਧੇ ।
ਅਨਿਕ ਲਾਭ ਮਨੋਰਥ ਲਾਧੇ ।
ਹਰਿ ਹਰਿ ਨਾਮ ਰਸਨ ਆਰਾਧੇ ।
ਸਿੰਮ੍ਰਿਤ ਸਾਸਤ ਬੇਦ ਬਖਾਨੇ ।
ਜੋਗ ਗਿਆਨ ਸਿਧ ਸੁਖ ਜਾਨੇ ।
ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ।੩।
ਅਗਾਧਿ ਬੋਧਿ ਹਰਿ ਅਗਮ ਅਪਾਰੇ ।
ਨਾਮੁ ਜਪਤ ਨਾਮੁ ਰਿਦੇ ਬੀਚਾਰੇ ।
ਨਾਨਕ ਕਉ ਪ੍ਰਭ ਕਿਰਪਾ ਧਾਰੇ ।੪।

ਵਾਹਿਗੁਰੂ ਦਾ ਨਾਮ ਮਨ ਵਿਖੇ ਵਸਣ ਕਰਕੇ ਕਰੋੜਾਂ ਹੀ ਪੁਰਬੀਆਂ ਉਤੇ ਅਸਲ ਮਜਨ ਇਸ਼ਨਾਨ ਕਰਨਾ ਪਰਵਾਨ ਹੋ ਜਾਂਦਾ ਹੈ ਅਤੇ ਲਖਾਂ ਅਰਬਾਂ ਖਰਬਾਂ ਦਾ ਅਸਲ ਦਾਨ ਦਿਤਾ ਲੇਖੇ ਲਗਿਆ ਸਮਝਿਆ ਜਾਂਦਾ ਹੈ । ਨਾਮ ਮਨ ਵਿਚ ਬਸੇ ਬਿਨਾਂ ਹਿੰਦੂਆਂ ਦੇ ਤੀਰਥਾਂ ਉਤੇ ਕਰੋੜਾਂ ਵਾਰ ਨਹਾਉਣਾ ਅਤੇ ਅਰਬਾਂ ਖਰਬਾਂ ਦਾ ਦਾਨ ਦੇਣਾ ਕਿਸੇ ਭੀ ਲੇਖੇ ਨਹੀਂ । ਵਾਹਿਗੁਰੂ ਦੇ ਗੁਣ ਗਾਉਣ ਦੇ ਪਰਤਾਪ ਨਾਲ ਸਾਰੇ ਤੀਰਥ ਮਜਨ ਇਸ਼ਨਾਨ ਦਾਨ ਪੁਰਬੀਆਂ ਪਵਿਤਰ ਹੋ ਜਾਂਦੀਆਂ ਹਨ । ਦਿਆਲ ਗੁਰੂ, ਗੁਰ ਸਾਧੂ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਇਆਂ ਸਾਰੇ ਹੀ ਪਾਪ ਮਿਟ ਜਾਂਦੇ ਹਨ । ਗੁਰਮਤਿ ਜੁਗਤੀ ਤੋਂ ਬਿਹੂਣ ਅਤੇ ਗੁਰਮਤਿ ਨਾਮ ਤੋਂ ਸਖਣੇ ਹੋਣ ਦੇ ਕਾਰਨ ਅਨਮਤੀਆਂ ਦੇ ਪੁਠੇ ਲਟਕ ਕੇ ਕਰਨ ਵਾਲੇ ਬੇਅੰਤ ਤਪ ਸਾਧਨ ਸਾਧੇ ਹੋਏ ਸਭ ਬਿਰਥੇ ਜਾਂਦੇ ਹਨ । ਵਾਹਿਗੁਰੂ ਨਾਮ ਤੇ ਖਿਨ ਖਿਨ ਰਸਨਾ ਤੇ ਅਰਾਧਨ ਕੀਤਿਆਂ ਸੁਤੇ ਸੁਭਾਵ ਹੀ ਅਨੇਕ ਲਾਭ ਮਨੋਰਥ ਪੂਰੇ ਹੋ ਜਾਂਦੇ ਹਨ ਤੇ ਪੁਠੇ ਤਪ ਕਰਨ ਤੋਂ ਬਿਨਾਂ ਹੀ ਸਭ ਲੇਖੇ ਲਗ ਜਾਂਦੇ ਹਨ । ਗੁਰਮਤਿ ਨਾਮ ਦੇ ਜਪਿਆਂ ਵਾਹਿਗੁਰੂ ਨਾਲ ਇਕ ਮਿਕ ਹੋ ਜਾਈਦਾ ਹੈ । ਇਸ ਬਿਧ ਨਾਮ ਵਿਚ ਰਤਿਆਂ ਸੁਤੇ ਸਿੱਧ ਹੀ ਸਿਮ੍ਰਿਤੀਆਂ ਸ਼ਾਸਤਰਾਂ ਬੇਦਾਂ ਦੇ ਵਖਾਨਣ ਅਸਲ ਮਹਾਤਮ ਤੇ ਜੋਗ ਗਿਆਨ ਤੇ ਸਿਧੀਆਂ ਦੇ ਅਸਲ ਸੁਖ ਸੁਤੇ ਹੀ ਪ੍ਰਾਪਤਿ ਹੋ ਜਾਂਦੇ ਹਨ । ਗੁਰਮਤਿ ਨਾਮ ਤੋਂ ਬਿਹੂਨ ਸਿਮ੍ਰਿਤਿ ਸ਼ਾਸਤਰਾਂ ਤੇ ਬੇਦਾਂ ਦਾ ਬਖਾਨਣਾ ਤੇ ਜੋਗ ਗਿਆਨ ਆਦਿਕ ਦਾ ਘੋਟਣਾ ਰਿਧੀਆਂ ਸਿਧੀਆਂ ਕਰਨੀਆਂ ਕਮੌਣੀਆਂ ਇਹ ਨਿਰੇ ਬਿਰਥੇ ਤਰਲੇ ਹੀ ਹਨ । ਜੋ ਆਪੋਂ ਕਿਸੇ ਦਾ ਕੁਝ ਨਹੀਂ ਸਵਾਰ ਸਕਦੇ । ਨਾਮ ਜਪਣ ਨਾਲ ਜਦੋਂ ਮਨ ਦਾ ਮਨਾਉਣ ਸਿੱਧ ਹੋ ਗਿਆ ਤਾਂ ਏਹ ਔਖੇ ਤਰਲੇ ਕਾਹਨੂੰ ਕਰਨੇ ਹੋਏ ਸਗੋਂ ਏਹਨਾਂ ਆਨਮਤੀ ਮਤ ਦੇ ਪੋਥਿਆਂ ਸ਼ਾਸਤਰਾਂ ਸਿਮ੍ਰਿਤੀਆਂ ਵੇਦਾਂ ਦਾ ਪੜ੍ਹਨਾ ਨਿਰਾਰਥ ਹੀ ਹੈ । ਕੁਝ ਭੀ ਹਕੀਕਤ ਨਹੀਂ ਰਖਦਾ । ਵਾਹਿਗੁਰੂ ਦੇ ਨਾਮ ਦੀ ਅਗਾਧ ਬੋਧ ਅਗਮ ਅਪਾਰ ਮਹਿਮਾ ਹੈ । ਜਿਸ ਜਨ ਉਪਰ ਗੁਰੂ ਵਾਹਿਗੁਰੂ ਦੀ ਕਿਰਪਾ ਹੋਵੇ ਓਹੀ ਵਡਭਾਗਾ ਜਨ ਨਾਮ ਨੂੰ ਜਪਦਾ ਹੋਇਆ ਹਿਰਦੇ ਅੰਦਰ ਉਰਿਧਾਰਦਾ ਹੈ ।



www.AKJ.Org

ਹੈ ਕੋਈ ਰਾਮ ਪਿਆਰੋ ਗਾਵੈ।
ਸਰਬ ਕਲਿਆਣ ਸੂਖ ਸਚੁ ਪਾਵੈ।ਰਹਾਉ।
ਬਨੁ ਬਨੁ ਖੋਜਤ ਫਿਰਤ ਬੈਰਾਗੀ।
ਬਿਰਲੇ ਕਾਹੂ ਏਕ ਲਿਵ ਲਾਗੀ।
ਜਿਨਿ ਹਰਿ ਪਾਇਆ ਸੇ ਵਡਭਾਗੀ।੧।

ਬ੍ਰਹਮਾਦਿਕ ਸਨਦਾਇਕ ਚਾਹੈ।
ਜੋਗੀ ਜਤੀ ਸਿਧ ਹਰਿ ਆਹੈ।
ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ।੨।

(ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰ ਮ: ੫)

ਐਸਾ ਕੋਈ ਵਿਰਲਾ ਜਨ ਹੀ ਹੈ ਅਤੇ ਉਹ ਵਿਰਲਾ ਜਨ ਗੁਰਮਤਿ ਅਨੁਸਾਰੀ ਗੁਰਮੁਖਿ ਪਿਆਰਾ ਹੀ ਹੈ ਜਿਸ ਨੂੰ ਹਰ ਗੁਣ ਗਾਵਣੇ ਤੇ ਸਿਫ਼ਤ ਸਾਲਾਹ ਕਰਨ ਦਾ ਗੁਰਮਤਿ ਰੰਗ ਢੰਗ ਪ੍ਰਾਪਤ ਹੈ। ਐਸੇ ਗੁਰਮੁਖਿ ਜਨ ਨੂੰ ਸਰਬ ਕਿਲਿਆਣਾਂ ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਸਚਾ ਆਤਮਾਨੰਦੀ ਸੁਖ ਤੱਤ ਵਾਸਤਵੀ ਸਤਤਾ ਸਹਿਤ ਸੁਤੇ ਹੀ ਨਸੀਬ ਹੋ ਜਾਂਦਾ ਹੈ। ਐਵੇਂ ਗੁਰਮਤਿ ਦੀ ਸਚੀ ਸੂਝ ਬੂਝ ਬਿਨਾਂ ਆਨਮਤੀ ਬੈਰਾਗੀ ਬਨ ਬਨ ਖੋਜਣ ਦੀਆਂ ਬਿਰਥੀਆਂ ਟੱਕਰਾਂ ਮਾਰਦੇ ਫਿਰਦੇ ਹਨ। ਇਹ ਉਪਰ ਦਸੇ ਵਿਰਲੇ ਗੁਰਮੁਖਿ ਜਨ ਹੀ ਹਨ ਜਿਨ੍ਹਾਂ ਦੀ ਗੁਰਮਤਿ ਨਾਮ ਦੇ ਅਭਿਆਸ ਕੀਤਿਆਂ ਇਕ ਵਾਹਿਗੁਰੂ ਨਾਲ ਸਚੀ ਲਿਵ ਲਗ ਜਾਂਦੀ ਹੈ, ਸੋਈ ਜਨ ਗੁਰਮੁਖਿ ਜਨ ਵਡਭਾਗੀ ਪੁਰਸ਼ ਹਨ। ਆਨਮਤੀ ਵੈਰਾਗੀ ਤਿਆਗੀਆਂ ਦੀ ਘਾਲ ਕਦੇ ਭੀ ਥਾਉਂ ਨਹੀਂ ਪੈਂਦੀ। ਬ੍ਰਹਮਾ ਆਦਿਕ ਤੇ ਸਨਕ ਸਨੰਦਨ ਆਦਿਕ ਜੋਗੀ ਜਤੀ ਸਿੱਧ ਆਦਿਕ ਆਪੋ ਆਪਣੀ ਮਨ ਉਕਤ ਲੋਚਾ ਦੁਆਰਾ ਵਾਹਿਗੁਰੂ ਦੇ ਮਿਲਣ ਦੀ ਬਥੇਰੀ ਤਾਂਘ ਰਖਦੇ ਹਨ ਪਰ ਬਿਰਥੀ ਹੀ ਜਾਂਦੀ ਹੈ। ਜਿਸ ਵਡਭਾਗੇ ਗੁਰਮੁਖਿ ਜਨ ਨੂੰ ਵਾਹਿਗੁਰੂ ਦੀ ਪ੍ਰਾਪਤੀ ਹੋਣੀ ਧੁਰਿ ਮਸਤਕ ਲਿਖੀ ਹੋਈ ਹੁੰਦੀ ਹੈ ਉਹ ਵਡਭਾਗਾ ਜਨ ਗੁਰਮਤਿ ਪ੍ਰਾਇਣ ਹੋ ਕੇ ਵਾਹਿਗੁਰੂ ਦੇ ਗੁਣ ਗਾਉਣ ਲਗ ਜਾਂਦਾ ਹੈ। ਆਨਮਤ ਦੀਆਂ ਮਨਉਕਤ ਜੁਗਤੀਆਂ ਤੇ ਸੰਜਮ ਬਿਰਤੀਆਂ ਦੁਆਰਾ ਕੁਛ ਨਹੀਂ ਬਣਦਾ।

## ਸਚੀ ਜੋਗ ਜੁਗਤੀ

ਗਉੜੀ ਮਹਲਾ ੫ ॥

ਜੋਗ ਜੁਗਤਿ ਸੁਨਿ ਆਇਓ ਗੁਰ ਤੇ। ਮੋਕਉ ਸਤਿਗੁਰ ਸਬਦ ਬੁਝਾਇਓ।੧। ਰਹਾਉ। ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ। ਨਿਮਖ ਨਿਮਖ ਨਮਸਕਾਰਾ। ਦੀਖਿਆ ਗੁਰ ਕੀ ਮੁੰਦ੍ਰਾ ਕੀਨੀ ਦ੍ਰਿੜਿਓ ਏਕੁ ਨਿਰੰਕਾਰਾ।੧। ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ। ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ।੨। ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ। ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ।੩। ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ। ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ।੪। ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ। ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ।੫।

ਸੱਚਾ ਜੋਗ ਤੇ ਜੋਗ ਦੀ ਸਚੀ ਜੁਗਤੀ ਕੇਵਲ ਗੁਰਮਤਿ ਦੁਆਰਾ ਹੀ ਆਉਂਦੀ ਹੈ। ਗੁਰੂ ਸਚੇ ਸਤਿਗੁਰੂ ਦੇ ਮੁਖਾਰਬਿੰਦ ਤੋਂ ਗੁਰਦੀਖਿਆ ਸੁਣ ਕੇ ਆਉਂਦੀ ਹੈ। ਸਤਿਗੁਰ ਦੇ ਸਬਦ ਗੁਰਮੰਤਰ ਦੁਆਰਾ ਹੀ ਬੁਝ ਜਾਂਦੀ ਹੈ। ਐਵੇਂ ਨਿਗੁਰਿਆਂ ਅਨਮਤੀਆਂ ਪਾਸੋਂ ਇਸ ਜੋਗ ਜੁਗਤਿ ਦੀ ਸੂਝ ਬੂਝ ਕੀ ਪੈਣੀ ਸੀ। ਅਨਮਤ ਦੁਆਰਾ ਇਸ ਮਨਮਤ ਭਰੇ ਜੋਗ ਜੁਗਤ ਦੀਆਂ ਟੱਕਰਾਂ ਮਾਰ ਮਾਰ ਕੇ ਅਨੇਕਾਂ ਅਨਮਤੀ ਜੋਗੀਸ਼ਰ ਜੁਗਤੀਸ਼ਰ ਕਹਾਉਣ ਵਾਲੇ ਸਭ ਹੰਭ ਹਾਰ ਥਕੇ ਪਰ ਉਹਨਾਂ ਨੂੰ ਰਾਈ ਮਾਤਰ ਭੀ ਸਚੜੇ ਗੁਰਮਤਿ ਜੋਗ ਦੀ ਗੁਰਮਤਿ ਜੁਗਤੀ ਨਹੀਂ ਆਈ। ਜੋ ਜੋ ਜਗਿਆਸੂ ਜਨ ਗੁਰੂ ਸਾਹਿਬ ਸਚੜੇ ਗੁਰੂ ਨਾਨਕ ਸਾਹਿਬ ਦੀ ਸਰਨੀ ਆਏ ਹਨ ਤਿਨ੍ਹਾਂ ਨੂੰ ਹੀ ਸਚੜੇ ਜੋਗ ਦੀ ਸਚੀ ਜੁਗਤੀ



www.AKJ.Org

ਪ੍ਰਾਪਤ ਹੋਈ ਹੈ। ਐਸੀ ਪ੍ਰਾਪਤਿ ਹੋਈ ਹੈ ਕਿ ਇਸ ਜੋਗ ਜੁਗਤੀ ਲਈ ਬਾਹਰ ਮੁਖੀ ਟੱਕਰਾਂ ਮਾਰਨੀਆਂ ਨਹੀਂ ਪਈਆਂ। ਅੰਤਰਗਤੀ ਰਿਦ ਅੰਤਰਿ ਹੀ ਇਸ ਗੁਰਮਤਿ ਜੋਗ ਜੁਗਤੀ ਦੇ ਅਗਾਧ ਭੇਦ ਖ਼ਜ਼ਾਨੇ ਖੁਲ੍ਹ ਗਏ ਹਨ। ਮਨਮਤੀ ਲੋਗ ਅਨਮਤੀ ਲੋਗ ਅਨਮਤੀ ਜੋਗੀ ਇਸ ਜੋਗ ਜੁਗਤੀ ਲਈ ਨੌਖੰਡ ਪ੍ਰਿਥਮੀ ਵਿਚ ਫਿਰਨ ਦੀਆਂ ਬਥੇਰੀਆਂ ਧਾਵਨੀਆਂ ਕਰਦੇ ਹਨ ਪਰ ਫੇਰ ਭੀ ਓਹਨਾਂ ਨੂੰ ਇਹ ਸੱਚੜੀ ਜੋਗ ਜੁਗਤੀ ਪ੍ਰਾਪਤਿ ਨ ਹੋਈ। ਜਦੋਂ ਸਤਿਗੁਰੂ ਨੇ ਗੁਰਮਤਿ ਜਗਿਆਸੂਆਂ ਨੂੰ ਇਸ ਸਚੜੀ ਜੋਗ ਜੁਗਤੀ ਦਾ ਸਚੜਾ ਨੀਸਾਣ ਦਸਿਆ ਤਾਂ ਤਿਨਾਂ ਗੁਰਮੁਖਿ ਜੋਗੀਆਂ ਸਚੜੇ ਜੋਗੀਸ਼ਰਾਂ ਨੇ ਐਸੀਆਂ ਗੁਰਮਤਿ ਨਾਮ ਅਭਿਆਸ ਕਮਾਈਆਂ ਕੀਤੀਆਂ ਕਿ ਇਸ ਸਰੀਰ ਅੰਦਰਿ ਹੀ ਤਿਨ੍ਹਾਂ ਨੌਖੰਡ ਪ੍ਰਿਥਮੀ ਦਾ ਪ੍ਰਤੱਖ ਨਜ਼ਾਰਾ ਰਵਿਆ ਨਜ਼ਰ ਆਇਆ। ਪ੍ਰਿਥੀਸ਼ੁਰ ਵਾਹਿਗੁਰੂ ਸਚੜੇ ਜਗਦੀਸ਼ ਸਿਰਜਨਹਾਰ ਨੂੰ ਭੀ ਪ੍ਰਤੱਖ ਅੰਤਰਿਗਤੀ ਸਰੀਰ ਅੰਦਰਿ ਪੇਖਦਿਆਂ ਇਹ ਪ੍ਰਤੱਖ ਨਜ਼ਾਰਾ ਪੇਖਿ ਪੇਖਿ ਕੇ ਗੁਰਮੁਖ ਅਲਮਸਤ ਜੋਗੀ ਨਿਮਖ ਨਿਮਖ ਨਮਸਕਾਰ ਕਰਨ ਲਗੇ ਇਸ ਅੰਤਰਿ ਵਸਦੇ ਸਿਰਜਨਹਾਰ ਵਾਹਿਗੁਰੂ ਤਾਈਂ। ਝੂਠੇ ਜੋਗੀਆਂ ਨੇ ਕੰਨ ਪੜਵਾ ਕੇ ਕੰਨਾਂ ਵਿਚ ਮੁੰਦਰਾਂ ਪਾਈਆਂ ਤੇ ਕੰਨ ਪਾਟੇ ਜੋਗੀ ਸਦਾਏ। ਜੋਗੀ ਸਦਾਉਣ ਤੋਂ ਬਿਨਾਂ ਓਹਨਾਂ ਨੂੰ ਕੋਈ ਸਿਧੀ ਹਾਸਲ ਨਹੀਂ ਹੋਈ। ਸਚੜੇ ਗੁਰਮੁਖ ਜੋਗੀਆਂ ਨੇ ਗੁਰੂ ਦੀ ਦੀਖਿਆ ਰੂਪੀ ਮੁੰਦਰਾਂ ਹਿਰਦੇ ਅੰਦਰਿ ਉਤਾਰ ਕੇ ਸਚੀ ਜੋਗ ਸਾਧਨਾ ਕੀਤੀ ਅਤੇ ਏਕ ਨਿਰੰਕਾਰ ਦੇ ਨਾਮ ਨੂੰ ਹੀ ਦ੍ਰਿੜੀਤਿ ਕੀਤਾ। ਨਾਮ ਦ੍ਰਿੜ੍ਹਕੇ ਓਹ ਅੰਤਰਗਤੀ ਹੀ ਨਾਮ ਅਭਿਆਸ ਵਿਖੇ ਲਿਵ ਲਾਇ ਕੈ ਓਹ ਗੁਰਮਤਿ ਦੇ ਸਚੜੇ ਜੋਗੀ ਬਣੇ। ਏਹਨਾਂ ਸਚੜੇ ਗੁਰਮਤਿ ਜੋਗੀਆਂ ਦੇ ਪੰਜੇ ਗਿਆਨ ਇੰਦਰੇ ਐਸੇ ਵਸਗਤਿ ਹੋਏ ਕਿ ਤਿਨ੍ਹਾਂ ਨੂੰ ਬਾਹਜ ਮੁਖੀ ਪੰਜ ਚੇਲੇ ਬਣਾਉਣ ਦੀ ਲੋੜ ਨਹੀਂ ਪਈ। ਸੋ ਗੁਰਮੁਖਿ ਸਚੇ ਗੁਰਮਤਿ ਜੋਗੀਸ਼ਰ ਗੁਰ ਚੇਲੇ ਬਣਨ ਬਣਾਉਣ ਦੀ ਖੜਖੱਸ ਵਿਚ ਪਏ ਹੀ ਨਹੀਂ। ਤਿਨਾਂ ਨੂੰ ਇਸ ਬਿੱਦਤ ਵਿਚ ਪੈਣ ਦਾ ਭਰਮ ਹੀ ਨਹੀਂ ਰਿਹਾ। ਨਾਮ ਦੇ ਸਚੇ ਅਭਿਆਸੀ ਬਣ ਕੇ ਓਹਨਾਂ ਦਾ ਮਨੂਆਂ ਪੰਜੇ ਗਿਆਨ ਇੰਦਰਿਆਂ ਅਤੇ ਸਾਰੇ ਕਰਮ ਇੰਦਰਿਆਂ ਉਤੇ ਹਾਵੀ ਹੋ ਗਿਆ। ਜੇਹੜਿਆਂ ਦਸੇ ਕਰਮ ਇੰਦ੍ਰੀਆਂ ਅਗੇ ਕਰਮ ਚੇਸ਼ਟਾ ਦੇ ਵਸਗਿਤ ਕਰਕੇ ਮਨ ਨੂੰ ਦਬੱਲੀ ਫਿਰਦੀਆਂ ਸਨ ਓਹ ਹੁਣ ਖੁਦ ਵਸਗਿਤ ਹੋ ਗਈਆਂ ਐਸੀਆਂ ਵਸਗਿਤ ਹੋਈਆਂ ਕਿ ਬਾਹਜ ਮੁਖੀ ਵਿਸ਼ਿਆਂ ਵਲ ਧਾਵਣ ਤੋਂ ਉਕੀਆਂ ਹੀ ਰੁਕ ਗਈਆਂ। ਕਿਸੇ ਪਾਸੇ ਭੀ ਨਹੀਂ ਹਿਲਦੀਆਂ। ਓਹ ਤਾਂ ਚੇਸ਼ਟਾ ਵਾਲੀਆਂ ਇੰਦ੍ਰੀਆਂ ਦੇ ਥਾਉਂ ਨਿਰੋਲ ਗੁਰਮਤਿ ਵੈਰਾਗ ਇੰਦਰੀਆਂ ਬੈਰਾਗਣ ਹੋਈਆਂ ਗੁਰਮੁਖਿ ਜੋਗਿ ਜੋਗੀਸ਼ਰਾਂ ਦੀਆਂ ਐਸੀਆਂ ਅਗਿਆਕਾਰੀ ਬਣੀਆਂ ਕਿ ਆਗਿਆ ਬਿਹੂਣ ਕਿਧਰੇ ਹੋਰ ਪਾਸੇ ਖਿਸਕਣ ਤੋਂ ਅਹਿਲ ਹੋ ਗਈਆਂ। ਅਜੇਹੇ ਵੈਰਾਗ ਇੰਦ੍ਰੀਆਂ ਵਾਲੇ ਗੁਰਮੁਖਿ ਜਨ ਨਿਰੋਲ ਨਿਰਮਲ ਜੋਗੀ ਹੋ ਗਏ ਜਿਹੜੇ ਆਨਮਤੀ ਜੋਗੀ ਭਸਮ ਲਾ ਲਾ ਕੇ ਅਤੇ ਬਿਭੂਤ ਮਲ ਮਲ ਕੇ ਫਜ਼ੂਲ ਭਰਮਦੇ ਫਿਰਦੇ ਹਨ ਤਿਨ੍ਹਾਂ ਦੇ ਮੁਕਾਬਲੇ ਵਿਚ ਸਚੜੇ ਗੁਰਮਤਿ ਜੁਗਤਿ ਜੋਗੀਸ਼ਰ ਅਜੇਹੇ ਭਰਮ ਭੂਤ ਨੂੰ ਸਾੜ ਜਲਾ ਕੇ ਭਸਮ ਕਰ ਗਏ। ਅਜੇਹੀ ਭਸਮ ਹੋਈ ਬਿਭੂਤ ਓਹਨਾਂ ਨੇ ਆਪਣੇ ਸਰੀਰ ਉਤੇ ਚਾੜ੍ਹੀ ਕਿ ਕੀ ਮਜਾਲ ਹੈ ਕਿ ਇਕ ਅਕਾਲ ਪੁਰਖ ਦੀ ਲਿਵ ਨੂੰ ਛਡ ਕੇ ਕਿਸੇ ਹੋਰ ਪਾਸੇ ਆਪਣੇ ਮਨ ਨੂੰ ਖਿਸਕਣ ਦੇਣ। ਸਚੜਾ ਜੋਗ ਪੰਥ ਏਹੋ ਹੈ ਜੋ ਗੁਰਮਤਿ ਨੇ ਦਰਸਾਇਆ ਹੈ। ਇਕ ਅਕਾਲ ਪੁਰਖ ਨੂੰ ਮੰਨ ਕੇ ਉਸ ਵਲ ਕੇਵਲ ਗੁਰਮੁਖਾਂ ਦਾ ਹੀ ਇਕੋ ਇਕ ਅਕਾਲ ਪੁਰਖ ਦਰਸੀ ਪੰਥ ਹੈ। ਜੋਗੀ ਜਨ ਜੋ ਨਕਲੀ ਭੁਗਤਿ ਭੋਜਨ ਭੁੰਚਦੇ ਹਨ ਉਸ ਦੇ ਥਾਉਂ ਅਸਲੀ ਗੁਰਮੁਖਿ ਜੁਗਤੀਸ਼ਰ ਜੋਗੀ ਸਹਜ ਅਨੰਦੀ ਆਤਮਕ ਸੁਖ ਦੀਆਂ ਅੰਮ੍ਰਿਤ ਮਈ ਭੁਗਤਾਂ ਤੇ ਛਾਂਦੇ ਖਿਨ ਖਿਨ ਛਕਦੇ ਰਹਿੰਦੇ ਹਨ। ਜਿਸ ਵਿਚ ਅਘਾਏ ਹੋਏ ਓਹ ਕਦੇ ਇਸ ਸਚੜੀ ਭੁਗਤਿ ਦੇ ਭੁੰਚਣੋਂ ਵਿਸਰਜਤ ਨਹੀਂ ਹੁੰਦੇ। ਹਾਂ ਓਹਨਾਂ ਨੂੰ



www.AKJ.Org

ਛਾਦਨ ਭੋਜਨ ਦੀ ਇਛਿਆ ਹੀ ਨਹੀਂ ਰਹਿੰਦੀ। ਯਥਾ ਗੁਰਵਾਕ :–'ਛਾਦਨ ਭੋਜਨ ਦੀ ਆਸਾ ਨ ਕਰਾਈ ਅਚਿੰਤ ਮਿਲੈ ਸੋ ਪਾਇ ।।' ਜਿਨਾਂ ਜਿਨਾਂ ਛਾਂਦਿਆਂ ਭੋਜਨਾਂ ਦਾ ਛਕਣਾ ਤਿਨਾਂ ਦੇ ਮਸਤਕ ਉਤੇ ਸਚੇ ਰਾਜ਼ਕ ਮਾਲਕ ਠਾਕੁਰ ਨੇ ਲਿਖਿਆ ਹੈ ਸੋਈ ਓਹ ਹੁਕਮ ਅਗਿਆਕਾਰੀ ਹੋ ਕੇ ਸੁਪ੍ਰਸੰਤਾ ਸਹਿਤ ਛਕਦੇ ਹਨ। ਸਚੜੇ ਗੁਰਮਤਿ ਜੋਗੀਆਂ ਨੇ ਕੇਵਲ ਨਿਰਭਉ ਨਿਰੰਕਾਰ ਅਕਾਲ ਪੁਰਖ ਦੇ ਸਰੂਪ ਵਿਚ ਹੀ ਆਪਣੀ ਸੁਰਤੀ ਨੂੰ ਜੋੜਿਆ ਹੈ। ਇਸ ਨਿਰਭਉ ਅਕਾਲ ਪੁਰਖ ਦੇ ਸਰੂਪ ਲਖਤਾ ਦੇ ਪ੍ਰਭਾਵ ਕਰਕੇ ਜਿਥੇ ਕੋਈ ਭੀ ਭਉ ਨਹੀਂ ਵਿਆਪਦਾ ਤਿਥੇ ਤਿਨਾਂ ਨੇ ਆਪਣਾ ਆਸਣ ਬੰਨ੍ਹ ਰਖਿਆ ਹੈ ਤੇ ਨਿਰਭਉ ਤਾੜੀ ਲਾ ਰਖੀ ਹੈ। ਜੋਗੀਆਂ ਦੀ ਸਿੰਙੀ ਬਾਹਜ ਮੁਖੀ ਬਜੰਤਰੀ ਸਿੰਙੀ ਬਜਾਉਣ ਦੇ ਥਾਉਂ ਗੁਰਮਤ ਜੁਗਤ ਜੋਗੀਆਂ ਨੇ ਅਨਹਦ ਬਾਣੀਮਈ ਸਿੰਙੀ ਬਜਾਉਣੀ ਸਦ ਸਦਾ ਲਈ ਅਰੰਭੀ ਹੋਈ ਹੈ। ਗੁਰਮਤਿ ਸਚੜੇ ਜੋਗੀਆਂ ਨੇ ਨਾਮ ਅਭਿਆਸ ਮਈ ਤੱਤ ਵੀਚਾਰ ਰੂਪੀ ਡੰਡਾ ਸਦ ਸਦਾ ਲਈ ਆਪਣੇ ਹਥ ਵਿਚਿ ਧਾਰ ਰਖਿਆ ਹੈ। ਨਾਮ ਨੂੰ ਮਨ ਵਿਚ ਵਸਾ ਕੇ ਨਾਮ ਵਿਖੇ ਹੀ ਲਿਵ ਲਾਉਣੀ ਇਹ ਗੁਰਮਤਿ ਜੋਗੀਆਂ ਦੀ ਸੱਚੀ ਜੁਗਤਿ ਹੈ। ਨਾਮ ਵਿਖੇ ਲਿਵ ਲਾਈ ਰਖਣ ਦਾ ਏਹ ਪ੍ਰਤਾਪ ਵਰਤਦਾ ਹੈ ਕਿ ਮਾਇਆ ਸਰੂਪ ਬੰਧਨ ਉਸ ਦੇ ਸਾਰੇ ਕਟੇ ਜਾਂਦੇ ਹਨ। ਐਸਾ ਵਡਭਾਗੀ ਜੋਗੀ ਕੇਵਲ ਗੁਰੂ ਘਰ ਵਿਖੇ ਹੀ ਮਿਲਦਾ ਭੇਟਣ ਹੁੰਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਐਸੇ ਪੂਰੇ ਸੂਰੇ ਗੁਰਮੁਖਿ ਜੋਗੀ ਦੀ ਸੇਵਾ ਪੂਜਾ ਜਿਤਨੀ ਭੀ ਕੀਤੀ ਜਾਵੇ ਉਤਨੀ ਹੀ ਥੋੜੀ ਹੈ। ਐਸੇ ਗੁਰਮੁਖਿ ਜੋਗੀ ਦੀ ਮੂਰਤੀ ਦਾ ਖਿਨ ੨ ਦਰਸ਼ਨ ਕਰਨਾ ਭੀ ਸਫਲਾ ਨਰੋਤਮ ਜੁਗਤਿ ਭੁਗਤਿ ਮੇਵਾ ਹੈ ਗੁਰੂ ਨਾਨਕ ਸਾਹਿਬ ਗੁਰਮੁਖਿ ਜੋਗੀਆਂ ਦੇ ਐਸੇ ਮਫਤੂਨ ਮਤਵਾਲੇ ਹਨ ਕਿ ਏਹੋ ਹਰਦਮ ਭਾਵਨਾ ਰਖਦੇ ਹਨ ਕਿ ਤਿਨ੍ਹਾਂ ਕੇ ਪਗ ਚੱਟੀ ਹੀ ਜਾਈਏ।

## ਸਭ ਤੋਂ ਉਚੇ ਗੁਰਮੁਖ

ਗਉੜੀ ਮਹਲਾ ।। ੧ ।।

ਬੇਦ ਪੁਰਾਣ ਸਿਮ੍ਰਿਤਿ ਭਨੇ।
ਸਭ ਊਚ ਬਿਰਾਜਿਤ ਜਨ ਸੁਨੇ।੧।
ਸਗਲ ਅਸਥਾਨ ਭੈ ਭੀਤ ਚੀਨ।
ਰਾਮ ਸੇਵਕ ਭੈ ਰਹਤ ਕੀਨ।੨।

ਸਭ ਤੋਂ ਉਚੇ ਆਤਮ ਮੰਡਲਾਂ ਵਿਖੇ ਅਮਰ ਅਟਾਰੜੇ ਮੰਜ਼ਲਾਂ ਵਿਖੇ ਨਾਮ ਅਭਿਆਸੀ ਗੁਰਮੁਖਿ ਜਨ ਸਦਾ ਹੀ ਬਿਰਾਜਦੇ ਸੁਣੇ ਪੇਖੇ ਹਨ। ਓਹ ਨਾਮ ਗੁਰਬਾਣੀ ਰੂਪੀ ਸਚੜੀ ਬੇਦ ਬਾਣੀ ਹੀ ਸਦਾ ਰਟਦੇ ਹਨ ਅਤੇ ਇਹੋ ਸ੍ਰਿਮ੍ਰਿਤਿ ਪੁਰਾਨ ਸਚੜੀ ਗੁਰਬਾਣੀ ਪੜ੍ਹਦੇ ਹਨ। ਕੇਵਲ ਨਾਮ ਅਭਿਆਸ ਰੂਪੀ ਪੜ੍ਹਾਈ ਦਾ ਪੜ੍ਹਨਾ ਅਤੇ ਸਚੜੀ ਗੁਰਦੀਖਿਆ ਰੂਪੀ ਗੁਰ ਸਿਖਿਆ ਦਾ ਸੁਨਣਾ ਹੀ ਉਹਨਾਂ ਦਾ ਵੇਦ ਸਿਮ੍ਰਿਤ ਪੁਰਾਨ ਪੜ੍ਹਨਾ ਰਟਨਾ ਹੈ। ਉਹਨਾਂ ਨੇ ਝੂਠੇ ਬੇਦ ਪੁਰਾਣ ਸਿਮ੍ਰਿਤੀਆਂ ਵਾਲੇ ਸਾਰੇ ਅਸਥਾਨ ਭੈਭੀਤ ਹੀ ਜਾਣੇ ਹਨ। ਕੇਵਲ ਵਾਹਿਗੁਰੂ ਨਾਮ ਦੇ ਅਭਿਆਸੀ ਜਨ ਗੁਰਮੁਖਿ ਸਿਖ ਸੇਵਕ ਹੀ ਅਜੇਹੇ ਭੈ ਭਰਮ ਤੋਂ ਰਹਿਤ ਕੀਤੇ ਗਏ ਹਨ। ਸਦੀਵ ਕਾਲ ਉਹ ਭੈ ਰਹਿਤ ਹੀ ਰਹਿੰਦੇ ਹਨ।



www.AKJ.Org

# ਵਾਹਿਗੁਰੂ ਦੇ ਰੰਗ

ਗਉੜੀ ਮਹਲਾ ੪ ॥

ਸਬਹੂ ਕੋ ਰਸੁ ਹਰਿ ਹੋ ।੧।ਰਹਾਉ।
ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ
ਕਾਹੂ ਧਿਆਨ । ਕਾਹੂ ਹੋ ਡੰਡ ਧਰਿ ਹੋ ।੧।
ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ।
ਕਾਹੂ ਹੋ ਗਉਨੁ ਕਰਿ ਹੋ ।੨।
ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ।
ਨਾਨਕ ਭਗਤਿ ਪ੍ਰਿਆ ਹੋ ।੩।

ਹੇ ਵਾਹਿਗੁਰੂ ਤੁਸੀਂ 'ਸਾਰਿਆਂ ਲਈ' ਹਰ ਕਿਸੇ ਲਈ ਰਸ ਰੂਪ ਰਸ ਦਾਤੇ ਬਣੇ ਹੋਏ ਹੋ । ਕਿਸੇ ਨੂੰ ਜੋਗ ਦਾ ਰਸ ਹੈ। ਉਸ ਦੇ ਕਰਮਾਂ ਅਨੁਸਾਰ ਉਸ ਨੂੰ ਉਸ ਦੇ ਜੋਗ ਵਿਚ ਹੀ ਪਰਚਾ ਛਡਦੇ ਹੋ । ਕਿਸੇ ਨੂੰ ਭੋਗ ਦਾ ਚਸਕਾ ਪਿਆ ਹੋਇਆ ਹੈ । ਐਸੇ ਭੋਗ ਚਸਕੀਏ ਲੋਗ ਉਹਨਾਂ ਦੇ ਪੂਰਬਲੇ ਕਰਮਾਂ ਅਨੁਸਾਰ ਵਾਹਿਗੁਰੂ ਨੇ ਪਰੇਰ ਕੇ ਉਹਨਾਂ ਨੂੰ ਭੋਗ ਰਸਾਂ ਵਿਚ ਹੀ ਪਰਚਾ ਛਡਿਆ ਹੈ। ਕਿਸੇ ਨੂੰ ਚੁੰਚ ਗਿਆਨ ਦਾ ਚਰਚਾ ਪਰਚਾ ਪਿਆ ਹੋਇਆ ਹੈ, ਕੋਈ ਅਪਣੇ ਆਪ ਨੂੰ ਧਿਆਨੀ ਸਦਾਉਣ ਵਿਚ ਹੀ ਰਸ ਮਸਤ ਹੈ । ਉਹਨਾਂ ਨੂੰ ਉਸੇ ਪਾਸੇ ਹੀ ਲਾ ਛਡਦੇ ਹੋ। ਵਾਸਤਵ ਵਿਚ ਵਾਹਿਗੁਰੂ ਉਹਨਾਂ ਦੇ ਪੂਰਬਲੇ ਕਰਮਾਂ ਦੇ ਫਲ ਪਰਦਾਤੇ ਹੋ ਕੇ ਐਸੇ ਕਰਮ ਕਰਵਾਉਣ ਦੇ ਪਰੇਰਕ ਹੋ ਰਹੇ ਹਨ । ਕੋਈ ਡੰਡਾ ਧਾਰੀ ਬਨਣ ਵਿਚ ਹੀ ਰਸ ਮਗਨ ਹੈ ਉਸ ਨੂੰ ਉਸੇ ਪਾਸੇ ਹੀ ਪਰਚਾ ਛਡਿਆ ਹੈ । ਕਈ ਪਰਕਾਰ ਦੇ ਅਨਮਤੀ ਜਪੀ ਤਪੀ ਸਦਾਉਣ ਵਾਲੇ ਆਪੋ ਆਪਣੇ ਮਨਉਕਤ ਜਾਪ ਤਾਪ ਵਿਚ ਹੀ ਪਰੇਰਕ ਦੇ ਪਰੇਰੇ ਹੋਏ ਰੁਝ ਰਹੇ ਹਨ । ਕੋਈ ਪੂਜਾ ਹਵਨ ਯਗ ਕਰਨ ਵਿਚ ਹੀ ਆਪਣੀ ਮੁਕਤੀ ਸਮਝੀ ਬੈਠਾ ਹੈ ਤੇ ਏਸੇ ਪਾਸੇ ਹੀ ਪ੍ਰਵਿਰਤ ਹੋਇਆ ਹੈ । ਵਾਸਤਵ ਵਿਚ ਲਾਉਣਹਾਰੇ ਪੂਰਬਲੇ ਕਰਮਾਂ ਦੇ ਫਲ ਪਰਦਾਤੇ ਵਾਹਿਗੁਰੂ ਨੇ ਉਸ ਨੂੰ ਏਸੇ ਪਾਸੇ ਲਾ ਛਡਿਆ ਹੈ । ਕਿਸੇ ਨੂੰ ਫਿਰਤੂ ਘਿਰਤੂ ਬਣੇ ਰਹਿਣ ਦਾ ਹੀ ਸ਼ੌਕ ਕੁਦਿਆ ਹੋਇਆ ਹੈ। ਉਹ ਸਦਾ ਸਾਰੀ ਬਸੁਧਾ ਧਰਤੀ ਦੇ ਗਵਨ ਕਰਨ ਵਿਚ ਹੀ ਲੱਥ ਪੱਥ ਹੋ ਰਿਹਾ ਹੈ। ਕੋਈ ਤੀਰਥਾਂ ਦੇ ਕਿਨਾਰਿਆਂ ਉਤੇ ਵਾਸਾ ਰਖਣ ਲਈ ਸਾਰੀ ਉਮਰ ਤਹੂ ਹੋਇ ਕੇ ਅਸਥਾਨ ਤੇ ਬਹੂ (ਬੈਠਣ ਵਾਲਾ) ਹੋਕੇ ਇਸ ਪਾਸੇ ਲਟੂ ਹੋ ਰਹਿੰਦਾ ਹੈ ਤੇ ਕੋਈ ਤੀਰਥਾਂ ਦੀ ਜਗ੍ਹਾ ਵਿਖੇ ਮਜਨ ਇਸ਼ਨਾਨੀ ਕਰਨ ਵਿਚ ਹੀ ਅਪਣੀ ਭਲਾਈ ਸਮਝਦਾ ਹੈ । ਕਿਸੇ ਨੂੰ ਬੇਦ ਬੀਚਾਰੀ ਬਨਣ ਦੀ ਫਿਟਕ ਹੀ ਲਗੀ ਹੋਈ ਹੈ । ਪਰੰਤੂ ਗੁਰੂ ਨਾਨਕ ਸਾਹਿਬ ਸਿੱਟੇ ਦੀ ਗੱਲ ਇਹ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਨੂੰ ਅਪਣੀ ਭਗਤੀ ਹੀ ਪਿਆਰੀ ਹੈ। ਭਗਤਾਂ ਦੇ ਹੀ ਸਚੇ ਪਿਆਰੇ ਹਨ । ਗੁਰਮੁਖ ਜਨਾਂ ਦੀ ਗੁਰਮਤਿ ਪ੍ਰਾਇਣ ਭਗਤੀ ਉਤੇ ਹੀ ਤੁਠਦੇ ਹਨ, ਹੋਰ ਆਨਮਤੀ ਕਰਮ ਕਾਂਡੀਆਂ ਨੂੰ ਠਾਠਾ ਬਾਗਾ ਕਰ ਕੇ ਹੀ ਪਰਚਾ ਛਡਦੇ ਹਨ । ਗੁਰੂ ਨਾਨਕ ਸਾਹਿਬ ਜੀ ਦੀ ਕ੍ਰਿਪਾ ਦ੍ਰਿਸ਼ਟੀ ਜਦੋਂ ਉਹਨਾਂ ਤੇ ਹੋ ਗਈ ਤਾਂ ਉਹ ਭੀ ਗੁਰਮਤਿ ਭਗਤੀ ਮੰਡਲ ਵਿਚ ਆ ਕੇ ਵਾਹਿਗੁਰੂ ਦੇ ਪਿਆਰੇ ਹੋ ਜਾਣਗੇ ।

.........



www.AKJ.Org

# ਮਨੁੱਖਤਾ ਦੇ ਰਾਜਦੂਤ

(ਸ: ਜੋਧ ਸਿੰਘ 'ਸਾਹਿਤ ਰਤਨ' ਬਨਾਰਸ)

ਇਨਸਾਨ ਦਾ ਪੂਰਨ ਇਨਸਾਨ ਹੋਣਾ ਰੱਬ ਹੋਣ ਦੇ ਤੁਲ ਹੀ ਹੈ। ਇਨਸਾਨੀਅਤ, ਇਖਲਾਕ ਅਤੇ ਧਰਮ ਦੀਆਂ ਪੌੜੀਆਂ ਚੜ੍ਹਦਾ ਇਹਨਾਂ ਦੇ ਸਮੁਚੇ ਮੇਲ ਨੂੰ ਅੰਤਰ ਆਤਮੇ ਵਸਾਉਂਦਾ ਹੋਇਆ ਮਨੁਖ ਉਸ ਸਚਖੰਡ ਵਿਚ, ਉਸ ਪਰਮ ਪਿਤਾ ਦੀ ਗੋਂਦ ਵਿਚ ਸਮਾਉਣ ਦਾ ਉਪਰਾਲਾ ਕਰਦਾ ਹੈ। ਧਰਤੀ ਦੇ ਵਡੇ ਵਡੇ ਦੇਸਾਂ ਨੇ ਵਡੇ ਵਡੇ ਵਿਚਾਰਕ ਪੈਦਾ ਕੀਤੇ। ਮਾਰਟਿਨ ਲੂਥਰ, ਈਸਾ, ਕਨਫਿਊਸ਼ੀਅਸ, ਸੁਕਰਾਤ ਜਿਹੇ ਪੁਰਖ ਪੈਦਾ ਹੋਏ। ਅਜ ਯੂਨਪ੍ਰ ਦੇ ਪਲੈਟੋ ਅਤੇ ਅਰਸਤੂ ਜਿਹੇ ਫ਼ਿਲਾਸਫ਼ਰਾਂ ਦੇ ਦਿਤੇ ਸਭਿਆਚਾਰਕ ਢੰਗਾਂ ਦਾ ਪ੍ਰਭਾਵ ਸਾਰੇ ਸੰਸਾਰ ਉਤੇ ਹੈ। ਇਹਨਾਂ ਵਿਦਵਾਨਾਂ ਨੇ ਆਪਣੇ ਵਿੱਤ ਅਨੁਸਾਰ ਸੋਹਣੇ ਤਰੀਕਿਆਂ ਨਾਲ ਮਨੁੱਖ ਸਾਹਮਣੇ ਸਦੀਵੀ ਕਾਲ ਤੋਂ ਚਲੀਆਂ ਆ ਰਹੀਆਂ ਮਾਨਸਕ ਅਤੇ ਆਤਮਕ ਗੁਥੀਆਂ ਨੂੰ ਸੁਲਝਾਉਣ ਦੇ ਯਤਨ ਕੀਤੇ। ਪੱਛਮੀ ਸਭਿਅਤਾ ਨੇ ਦੁਨੀਆਂ ਸਾਹਮਣੇ ਮਨੁਖਵਾਦ ਤਰਕਵਾਦ ਅਤੇ ਰਾਸ਼ਟਰਵਾਦ ਦੇ ਅਸੂਲ ਰਖੇ। ਇਹ ਸਾਰੇ ਸਿਧਾਂਤ ਬਾਹਰਲੇ ਤੌਰ ਤੇ ਤਾਂ ਮਨੁਖ ਦੀ ਲਗਭਗ ਹਰ ਲੋੜ ਨੂੰ ਪੂਰਿਆਂ ਕਰਨ ਵਿਚ ਕਿਸੇ ਨ ਕਿਸੇ ਰੂਪ ਵਿਚ ਸਹਾਇਕ ਹੋ ਸਕਦੇ ਹਨ ਪਰ ਅੰਤਰ ਆਤਮਾ ਨੂੰ ਠੰਢ ਪਾ ਕੇ ਸਾਰੇ ਬ੍ਰਹਿਮੰਡ ਵਿਚ ਉਸ ਪ੍ਰਭੂ ਦੀ ਜੋਤ ਨੂੰ ਜਨਾਉਣ ਵਿਚ ਅਸਮਰਥ ਹਨ। ਪੱਛਮੀ ਮਨੁਖਤਾ ਦੇ ਇਸ ਅਸੂਲ ਦੇ ਤਾਂ ਪੂਰਨ ਹਾਮੀ ਬਣਦੇ ਹਨ ਕਿ ਹਰ ਇਨਸਾਨ ਦੇ ਹੱਕਾਂ ਦੀ ਰਾਖੀ ਹੋਣੀ ਚਾਹੀਦੀ ਹੈ। ਹਰ ਵਿਅਕਤੀ ਨੂੰ ਪੂਰਨ ਵਿਕਾਸ ਦਾ ਮੌਕਾ ਮਿਲਣਾ ਚਾਹੀਦਾ ਹੈ, ਪਰ ਨਾਲ ਹੀ ਨਾਲ ਰਾਸ਼ਟਰਵਾਦ ਦੇ ਨਾਂ ਹੇਠਾਂ ਇਕ ਮੁਲਕ ਦੂਜੇ ਮੁਲਕ ਨੂੰ ਹੜੱਪ ਲੈਣ ਵਿਚ ਕੋਈ ਕਸਰ ਨਹੀਂ ਛਡਦਾ। ਇਕ ਕਮਜ਼ੋਰ ਕੀਤੇ ਹੋਏ ਮੁਲਕ ਦੀ ਸਹਾਇਤਾ ਦੇ ਬਹਾਨੇ ਦੂਜੇ ਮੁਲਕ ਦੇ ਕਰੋੜਾਂ ਬਚਿਆਂ ਨੂੰ ਅਨਾਥ ਬਣਾਉਣ, ਲੱਖਾਂ ਘਰਾਂ ਨੂੰ ਉਜਾੜਣ ਵਿਚ ਮਾਣ ਅਤੇ ਫ਼ਖਰ ਸਮਝਿਆ ਜਾਂਦਾ ਹੈ। ਆਪਣੇ ਸੁਆਰਥਾਂ ਖਾਤਰ ਮਨੁਖਤਾ ਇਖਲਾਕ ਅਤੇ ਇਸ ਦੇ ਮੇਲ ਤੋਂ ਉਪਜੀ ਧਰਮ–ਭਾਵਨਾ ਦਾ ਖ਼ੂਨ ਕੀਤਾ ਜਾਂਦਾ ਹੈ।

ਸ਼ਾਇਦ ਆਤਮਕ ਸ਼ਾਂਤੀ ਅਤੇ ਰਾਜਨੈਤਿਕ ਅਮਨ ਵਾਸਤੇ ਤਾਂ ਹੀ ਪੱਛਮੀ ਦੇਸਾਂ ਨੂੰ ਪੂਰਬੀ ਦੇਸਾਂ ਦਾ ਮੂੰਹ ਵੇਖਣਾ ਪੈ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੇ ਗੇੜ-ਚਕਰ ਨੂੰ ਪੂਰੀ ਤਰ੍ਹਾਂ ਘੋਖਣ ਤੋਂ ਬਾਦ ਹੀ ਇਨਸਾਨ ਦੇ ਅੰਦਰ ਸੌਂ ਚੁਕੀ ਉਸ ਕਲਾ ਨੂੰ ਵੰਗਾਰਿਆ, ਜਿਸਨੂੰ ਜਗਾਉਣ ਦਾ ਵਿਰਸਾ ਉਹਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਤੋਂ ਪ੍ਰਾਪਤ ਹੋਇਆ ਸੀ। ਇਨਸਾਨੀਅਤ ਦੇ ਅਸੂਲਾਂ ਦੇ ਪ੍ਰਚਾਰਕਾਂ ਦੀ ਖਿਚੋਤਾਣ ਦੇ ਕਾਰਨ ਕਿਧਰੇ ਤਾਂ ਲੋਕਾਂ ਵਿਚ ਨਿਰੀਆਂ ਚੰਗਿਆਈਆਂ ਹੀ ਭਰੀਆਂ ਪਈਆਂ ਸਨ, ਲੋਕ ਲੜਾਕੇ ਸਨ, ਬਹਾਦੁਰ ਸਨ ਅਤੇ ਹੰਕਾਰੀ ਸਨ। ਕਿਧਰੇ ਕੇਵਲ ਮਾਦਾ ਚੰਗਿਆਈਆਂ ਦੀ ਭਰਮਾਰ ਕਾਰਨ, ਸਾਹ ਦੁਆਰਾ ਵੀ ਕਿਸੇ ਜੀਵ ਦੀ ਹਤਿਆ ਹੋਣ ਦੇ ਡਰੋਂ ਮੂੰਹਾਂ ਤੇ ਪੱਟੀਆਂ ਬੱਝ ਗਈਆਂ ਸਨ। ਫੂਕਾਂ ਮਾਰ ਮਾਰ



www.AKJ.Org

ਧਰਤੀ ਤੇ ਪੈਰ ਰਖਣ ਦੇ ਪਾਖੰਡ ਕੀਤੇ ਜਾ ਰਹੇ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੜਚੋਲਿਆ ਕਿ ਕਿਉਂ ਇਕ ਪਾਸੇ ਤਾਂ ਲੋਕ ਕਾਫਰਾਂ ਦੇ ਸਿਰਾਂ ਦੇ ਮੀਨਾਰ ਬਣਾ ਕੇ ਗਾਜ਼ੀਆਂ ਦੇ ਖਿਤਾਬ ਹਾਸਲ ਕਰਨ ਵਿਚ ਸੁਆਬ ਸਮਝਦੇ ਹਨ ਅਤੇ ਇਕ ਪਾਸੇ ਹਜ਼ਾਰਾਂ ਨੌਜਵਾਨ ਕੇਵਲ ਇਸ ਲਈ ਨਦੀਆਂ ਵਿਚ ਡੁਬ ਕੇ ਆਤਮ ਹਤਿਆ ਕਰ ਲੈਣਾ ਬੇਹਤਰ ਸਮਝਦੇ ਹਨ ਕਿ ਆਪਣੀ ਰਾਖੀ ਲਈ ਹਥਿਆਰ ਚੁਕਣ ਦੇ ਫਲ ਸਰੂਪ ਅਹਿੰਸਾ ਦੇ ਸਿਧਾਂਤ ਨੂੰ ਸੱਟ ਨਾ ਲੱਗੇ। ਇਕ ਪਾਸੇ ਬੀਰਤਾ ਹੰਕਾਰ ਦੇ ਅੱਡੇ ਚੜ੍ਹ ਕੇ ਰਾਜਿਆਂ ਮਹਾਰਾਜਿਆਂ ਤੋਂ ਲੈ ਕੇ ਦੀਨ ਦੁਖੀਆਂ ਤਕ ਦਾ ਮਲੀਆਮੇਟ ਕਰੀ ਜਾ ਰਹੀ ਹੈ ਅਤੇ ਦੂਜੇ ਪਾਸੇ ਕੁਝ ਲੋਕ ਕਈ ਸੋਮਨਾਥਾਂ ਨੂੰ ਲੁਟਵਾ ਕੇ ਧੀਆਂ ਦੇ ਡੋਲੇ ਦੇ ਕੇ ਜ਼ਾਲਮਾਂ ਨੂੰ ਆਪਣੀ ਨਪੁੰਸਕਤਾ ਦਾ ਵਧ ਤੋਂ ਵਧ ਲਾਭ ਉਠਾਣ ਦੀ ਦੱਲਾਸ਼ੇਰੀ ਦੇ ਰਹੇ ਹਨ। ਹਮਲਾਵਰਾਂ ਦੇ ਘੋੜਿਆਂ ਦੀਆਂ ਟਾਪਾਂ ਦਗੜ ਦਗੜ ਕਰਦੀਆਂ ਇਸ ਧਰਤੀ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਬੇਰੋਕ ਟੋਕ ਧੂੜ ਉਡਾਉਂਦੀਆਂ ਮਜ਼ਲੂਮਾਂ ਨੂੰ ਲਿਤਾੜਦੀਆਂ ਨਿਕਲ ਜਾਂਦੀਆਂ ਸਨ। ਦੇਸ ਦੇ ਉਘੇ ਕਲਾਕਾਰ ਘਰਾਣੇ, ਮਸ਼ਹੂਰ ਕਵੀ ਇਕ ਅੱਧ ਨੂੰ ਛੱਡ ਕੇ ਬਾਕੀ ਸਭ ਚਾਂਦੀ ਦੇ ਟੁਕੜਿਆਂ ਹੱਥ ਜ਼ਮੀਰ ਵੀ ਅਤੇ ਧਰਮ ਵੀ ਵੇਚੀ ਜਾ ਰਹੇ ਸਨ। ਸਮਾਜ ਦੇ ਪ੍ਰਤੀਨਿਧੀ ਲੇਖਕ, ਕਵੀ ਅਤੇ ਕਲਾਕਾਰ ਹੀ ਜਦ ਮਰਦ ਨ ਰਹਿ ਜਾਣ ਤਾਂ ਜਨ ਸਧਾਰਨ ਦਾ ਕੀ ਹਾਲ ਹੋ ਸਕਦਾ ਹੈ, ਕਿਆਸਣ ਯੋਗ ਗਲ ਹੈ। ਸਾਹਿਤ ਦੇ ਲਿਹਾਜ਼ ਨਾਲ ਉੱਤਰੀ ਭਾਰਤ ਦੀ ਮੁਖ ਬੋਲੀ ਹਿੰਦੀ ਦਾ ਉਹ ਰੀਤੀ ਕਾਲ ਸੀ। ਜਿਨਸੀ ਰੁਚੀਆਂ ਨੂੰ ਉਕਸਾਉਣਾ ਅਤੇ ਆਸਰਾ ਦੇਣ ਵਾਲੇ ਰਾਜੇ ਨਵਾਬ ਦਾ ਜਸ ਗਾਇਨ ਕਰਨਾ ਹੀ ਸਮਾਜ ਦੇ ਇਹਨਾਂ ਮੋਢੀਆਂ ਦਾ ਕੰਮ ਸੀ।

ਮਨੁਖ ਨੂੰ ਇਨਸਾਨੀ ਪੱਧਰ ਤੋਂ ਡੇਗਣ ਵਾਲੀ ਵਰਣ-ਵੰਡ ਮਨੁਖਤਾ ਦੇ ਮੱਥੇ ਤੇ ਕਾਲਾ ਦਾਗ ਬਣ ਚੁਕੀ ਸੀ। ਭਾਰਤਵਾਸੀ ਕੁਝ ਤਾਂ ਮੁਗਲ ਹਮਲਾਵਰਾਂ ਕਾਰਨ ਅਤੇ ਉਸ ਤੋਂ ਵੀ ਵਧ ਆਪਸੀ ਵੈਰ ਵਿਰੋਧ ਕਾਰਨ ਬ੍ਰਾਹਮਣ, ਸ਼ਤਰੀ, ਵੈਸ਼ ਅਤੇ ਸ਼ੂਦਰਪਨੇ ਦਾ ਜੂਲਾ ਮੋਢਿਆਂ ਉਤੇ ਪਾਈ ਮੁਕੰਮਲ ਤੌਰ ਤੇ ਕੋਹਲੂ ਦੇ ਬੈਲ ਬਣ ਚੁਕੇ ਸਨ। ਫਿਰ ਵੀ ਪੰਜਾਬ ਦੀ ਧਰਤੀ ਤੇ ਇਕ ਅਜਿਹੇ ਸਮਾਜ ਦਾ ਨਕਸ਼ਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਉਲੀਕਿਆ ਜਾ ਰਿਹਾ ਸੀ ਜਿਸ ਦੀਆਂ ਰਗਾਂ ਵਿਚ ਸਚਾਈ ਨੂੰ ਖਿੜੇ ਮਥੇ ਸਵੀਕਾਰ ਕਰਨ, ਵਿਦਿਆ ਵੀਚਾਰਨ ਅਤੇ ਪ੍ਰਉਪਕਾਰਨ, ਸੇਵਾ ਕਰਨ, ਬਲੀਦਾਨ ਦੇਣ ਅਤੇ ਸਭ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ ਸ਼ਕਤੀ ਨੂੰ ਜਰਨ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ ਅਤੇ ਇਸ ਸਾਰੇ ਵਿਰਸੇ ਦੇ ਵਾਰਸ ਸ੍ਰੀ ਗੁਰੂ ਗੋਬਿੰਦ ਸਿੰਘ ਸਮੇਂ ਦੀ ਮੰਗ ਨੂੰ ਪਛਾਣ ਕੇ ਸਮਾਜਕ, ਰਾਜਨੈਤਿਕ ਅਤੇ ਧਾਰਮਕ ਰੋਗਾਂ ਦਾ ਹੱਲ ਲਭਣ ਲਈ ਪਾਉਂਟੇ ਦੀਆਂ ਰਮਣੀਕ ਪਹਾੜੀਆਂ ਵਿਚ ਡੂੰਘੇ ਚਿੰਤਨ ਵਿਚ ਲੀਨ ਸਨ। ਹਿੰਦੂਆਂ ਉਤੇ ਹਿੰਦੂਆਂ ਦੇ ਜ਼ੁਲਮ ਅਤੇ ਮੁਗਲਾਂ ਦੇ ਜਿਹਾਦੀ ਅਤਿਆਚਾਰ ਪੰਜਾਬ ਦੀ ਅਣਖ ਨੂੰ ਵੰਗਾਰ ਰਹੇ ਸਨ। ਅਜਿਹੀ ਜਥੇਬੰਦੀ ਦੀ ਹੋਂਦ ਨੂੰ ਬੜੀ ਤੀਬਰਤਾ ਨਾਲ ਲੋੜਿਆ ਜਾ ਰਿਹਾ ਸੀ ਜਿਹੜੀ ਨਸਲੀ ਵਿਤਕਰੇ ਤੋਂ ਉਤਾਂਹ ਉਠ ਕੇ ਸਮੂੰਹ ਮਨੁਖਤਾ ਲਈ ਕਾਰਜ ਕਰਨ ਵਿਚ ਸਮਰੱਥ ਹੋਵੇ। ਜਿਹੜੀ ਜਥੇਬੰਦੀ ਪਿਆਰ ਅਤੇ ਹਮਦਰਦੀ ਨਾਲ ਜ਼ਾਲਮ ਅਤਿਆਚਾਰੀਆਂ ਨੂੰ ਮਨੁਖਤਾ ਦਾ ਰਾਹ ਵਿਖਾ ਸਕੇ ਅਤੇ ਲੋੜ ਪੈਣ ਤੇ ਜ਼ੁਲਮ ਦੇ ਖੂਨੀ ਪੰਜੇ ਨੂੰ ਟੁਕੜੇ ਟੁਕੜੇ ਵੀ ਕਰ ਸਕੇ ਜਿਹੜੀ ਕੂਕਦੀਆਂ ਚੀਕਦੀਆਂ ਵੈਣ ਪਾਉਂਦੀਆਂ ਧਰਤੀ ਦੀਆਂ ਬੇਟੀਆਂ ਦੀ ਪੁਕਾਰ ਸੁਣ ਸਕੇ ਅਤੇ ਖੋਹੇ ਹੋਏ ਡੋਲਿਆਂ ਨੂੰ ਠੀਕ ਅਸਥਾਨ ਤੇ ਪੁਚਾ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਲੋੜ ਨੂੰ ਮਹਿਸੂਸ ਕੇ ਅਤੇ ਬਾਬੇ ਨਾਨਕ ਦੇ ਪਾਏ ਪੂਰਨਿਆਂ ਨੂੰ ਪੂਰਨ ਵਿਕਾਸ ਦੇਣ ਲਈ ਇਕ ਅਜਿਹੀ ਕੌਮ ਪੈਦਾ ਕਰਨ ਦਾ ਬੀੜਾ ਚੁਕਿਆ ਜਿਹੜੀ ਮਨੁਖਤਾ ਦੇ ਗੁਣਾਂ ਨਾਲ ਭਰਪੂਰ ਹੁੰਦਿਆਂ ਹੋਇਆ ਸਹੀ ਅਰਥਾਂ ਵਿਚ ਮਨੁਖਤਾ ਦੀ ਰਾਜਦੂਤ ਵੀ ਹੋਵੇ। ਜਿਹੜੀ ਸੰਸਕ੍ਰਿਤ ਜਾਂ ਅਰਬੀ ਫਾਰਸੀ, ਹਿੰਦੀ ਜਾਂ



www.AKJ.Org

ਪੰਜਾਬੀ ਬੋਲੀ ਨੂੰ ਕਿਸੇ ਖਾਸ ਕੌਮ, ਦੇਸ ਜਾਂ ਜਾਤ ਦੀ ਮਲਕੀਅਤ ਨ ਸਮਝੀ ਜਾਣ ਦੇਵੇ ।

ਸਿੱਖੀ ਜੀਵਨ ਨੂੰ ਜਫੀਆਂ ਪਾਉਣ ਵਾਲੇ, ਮੁਖ ਤੇ ਹਰਿ ਚਿੱਤ ਵਿਚ ਜੁਧ ਬੀਚਾਰੇ ਵਾਲੇ ਸ਼ੇਰਾਂ ਉੱਤੇ ਕਾਠੀਆਂ ਪਾਉਣ ਵਾਲੇ ਉਪਰ ਦਸੇ ਗਏ ਗੁਣਾਂ ਨਾਲ ਭਰਪੂਰ ਜਵਾਂ-ਮਰਦ ਗੁਰੂ ਜੀ ਨੇ ਅਜ ਤੋਂ ਲਗ ਭਗ ਤਿੰਨ ਸਦੀਆਂ ਪਹਿਲਾਂ ਤਿਆਰ ਕੀਤੇ । ਗੁਰੂ ਸਾਹਿਬ ਨੇ ਲੱਖਾਂ ਹੀ ਭਾਈ ਘਨਈਏ ਤਿਆਰ ਕੀਤੇ ਜਿਹੜੇ 'ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ' ਦੇ ਸਿਧਾਂਤ ਨੂੰ ਜੀਵਨ ਦੀ ਚਿੱਟੀ ਚਾਦਰ ਤੇ ਉਲੀਕ ਕੇ ਸਦਾ ਲਈ ਅਮਰ ਹੋ ਗਏ । ਗੁਰੂ ਸਾਹਿਬ ਨੇ ਲੱਖਾਂ ਬਚਿੱਤਰ ਸਿੰਘ ਤਿਆਰ ਕਰ ਦਿਤੇ ਜਿਹੜੇ ਸਾਧਾਰਨ ਜੁੱਸੇ ਵਾਲੇ ਹੋਣ ਦੇ ਬਾਵਜੂਦ ਵੀ ਜ਼ੁਲਮੀ ਹਾਥੀਆਂ ਦਾ ਮੂੰਹ ਭੰਨਣ ਲਈ ਨਿਤਰ ਪਏ । ਆਪ ਨੇ ਇਕ ਅਜਿਹੀ ਕੌਮ ਤਿਆਰ ਕੀਤੀ ਜਿਸ ਵਿਚ ਇਸਤਰੀ ਦੇ ਮਾਂ ਰੂਪ ਭੈਣ ਰੂਪ ਅਤੇ ਪਤਨੀ ਰੂਪ ਨੂੰ ਦਿਲੋਂ ਜਾਨ ਵਾਰ ਕੇ ਸਤਿਕਾਰਿਆ ਗਇਆ । ਹੁਣ ਇਸਤਰੀ ਦੀ ਰਖਿਆ ਦੀ ਅਖੌਤੀ ਠੇਕੇਦਾਰੀ ਕੇਵਲ ਪੁਰਸ਼ ਕੋਲ ਹੀ ਨਹੀਂ ਸੀ ਬਲਕਿ ਉਸਦਾ ਆਪਣਾ ਸੱਤ ਉਸਦੀ ਆਪਣੀ ਨਾਮ ਦੀ ਕਮਾਈ ਅਤੇ ਉਸਦਾ ਆਪਣਾ ਬਾਹੂਬਲ ਉਸਦਾ ਰਖਿਅਕ ਸੀ । ਬੀਬੀ ਦੀਪ ਕੌਰ ਵਰਗੀਆਂ ਹਜ਼ਾਰਾਂ ਭੈਣਾਂ, ਲੁਟਣ ਵਾਲਿਆਂ ਦਾ ਖ਼ੂਨ ਪੀਣ ਨੂੰ ਤਿਆਰ ਹੋ ਗਈਆਂ । ਵੇਖਦਿਆਂ ਵੇਖਦਿਆਂ ਸਮਾਜ ਨੇ ਅਜਿਹਾਂ ਪਲਟਾ ਖਾਧਾ ਕਿ ਪੰਡਤਾਂ ਦਾ ਪੰਡਤਾਂਊਪਨ ਧਰਿਆ ਦਾ ਧਰਿਆ ਰਹਿ ਗਿਆ । ਜਾਤ ਅਭਿਮਾਨੀਆਂ ਦੇ ਮੂੰਹ ਉਸੇ ਵੇਲੇ ਪੀਲੇ ਪੈ ਗਏ ਜਦੋਂ ਹਲਵਾਈਆਂ, ਨਾਈਆਂ ਜੁਲਾਹਿਆਂ ਅਤੇ ਉਦਾਸੀਆਂ ਨੇ ਯੁਧ ਵਿਚ ਸਿਰ ਕੱਢ ਜਰਨੈਲਾਂ ਦੇ ਆਹੂ ਲਾਉਣੇ ਸ਼ੁਰੂ ਕਰ ਦਿਤੇ । ਸੂਰਮੇ ਦੀ ਪਛਾਣ ਇਸ ਸਲੋਕ ਦੁਆਰਾ ਕੀਤੀ ਜਾਣ ਲਗੀ—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।

ਇਹਨਾਂ ਰਾਜਦੂਤਾਂ ਨੇ ਜਿਥੇ ਇਹ ਸਬਕ ਆਪਣੇ ਜੀਵਨ ਵਿਚ ਢਾਲਿਆ ਕਿ 'ਆਪਸ ਕਉ ਜੋ ਜਾਣੇ ਨੀਚਾ, ਸੋਈ ਗਨੀਐ ਸਭ ਤੇ ਊਚਾ ।' ਉਥੇ ਨਾਲ ਹੀ ਨਾਲ 'ਸ਼ਸਤਰਨ ਸੋ ਅੱਤ ਹੀ ਰਣ ਭੀਤਰ ਜੂਝ ਮਰੋਂ ਤਉ ਸਾਚ ਪਤੀਜੇ' ਵਾਲਾ ਮਹਾਂਵਾਕ ਵੀ ਜੀਵਨ ਦਾ ਇਕ ਜ਼ਰੂਰੀ ਅੰਗ ਬਣਾ ਲਿਆ ਗਿਆ ।

ਮਨੁਖ ਦੇ ਚਰਿਤ੍ਰ ਦੀ ਉਸਾਰੀ ਦੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਅਰੰਭੇ ਗਏ ਮਹਾਨ ਕੰਮ ਨੂੰ ਗੁਰੂ ਜੀ ਨੇ 13 ਅਪਰੈਲ 1969 ਈਸਵੀ ਸੰਨ ਵਿਚ ਸਿਰੇ ਚਾੜ੍ਹਿਆ । ਰਹਿਣੀ ਰਹਿਣੀ ਅਤੇ ਸੋਚਣ ਸਮਝਣ ਦੀ ਸੁਤੰਤ੍ਰਤਾ ਹੱਕਾਂ ਦੀ ਬਰਾਬਰੀ ਅਤੇ ਭਰੱਪਣ ਭਰਪੂਰ ਸਮਾਜਕ ਮਹੌਲ ਦਾ ਖ਼ਾਕਾ ਯੂਰਪ ਵਿਚ 1789 ਦੀ ਫਰਾਂਸੀਸੀ ਕਰਾਂਤੀ ਤੋਂ ਉਪਰੰਤ ਆਉਣ ਵਾਲੇ ਸਮੇਂ ਵਿਚ ਤਿਆਰ ਹੋਇਆ । ਪਰ ਮਨੁਖਤਾ ਦੇ ਇਸ ਮਹੌਲ ਦੀਆਂ ਨੀਹਾਂ ਵਿਚ ਯੂਰਪ ਦੇ ਉਸ ਇਤਿਹਾਸਕ ਸਮੇਂ ਤੋਂ ਲਗਭਗ 100 ਸਾਲ ਪਹਿਲਾਂ ਦੀਨਾਂ ਦੇ ਦਰਦੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੰਸ ਦੀ ਲਹੂ ਮਿਝ ਦਾ ਗਾਰਾ ਅਤੇ ਜਿਗਰ ਦੇ ਟੋਟੇ ਸਿਖਾਂ ਦੀਆਂ ਹਡੀਆਂ ਦੀਆਂ ਇੱਟਾਂ ਮਜ਼ਬੂਤੀ ਨਾਲ ਅਸਥਾਪਨ ਕੀਤੀਆਂ । ਹੋਂਦੇ ਹੋਏ ਲੋਕਾਂ ਦੇ ਅਥਰੂ ਪੂੰਝਣ ਵਾਸਤੇ ਉਸ ਮਨੁਖ ਨੇ ਮਨੁਖਤਾ ਦੀ ਉਹ ਚੰਗਿਆੜੀ ਮੁਰਦਾਰ ਹੋ ਚੁਕੇ ਲੋਕਾਂ ਵਿਚ ਫੂਕੀ ਕਿ ਜ਼ੁਲਮ ਦੇ ਸਾਮਰਾਜ ਦਾ ਢਾਂਚਾ ਲੜਖੜਾ ਉਠਿਆ ਦੋ ਸੌ ਸਾਲ ਤੇ ਘਿਰ ਰਹੇ, ਬਾਬੇ ਨਾਨਕ ਅਤੇ ਹੋਰ ਗੁਰੂ ਸਾਹਿਬਾਨਾਂ ਦੇ ਪਿਆਰ, ਸੁਚੇ ਅਤੇ ਨਿਘੇ ਪਨ ਦੇ ਠੰਢ ਪਾਊ ਬਦਲਾਂ ਵਿਚਲੀ ਲੁਕੀ ਚੰਡੀ ਦੀ ਚਮਕ ਸਾਰੇ ਪੰਜਾਬ ਨੂੰ ਅਤੇ ਬਾਦ ਵਿਚ ਸਾਰੀ ਦੁਨੀਆਂ ਨੂੰ ਚੁੰਧਿਆ ਗਈ । 'ਅੰਤਰ ਪੂਜਾ ਪੜਹਿ ਕਤੇਬਾ' ਦੇ ਜੱਕੋ ਤੱਕਿਆਂ ਵਿਚੋਂ ਕੱਢ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਜਿਹੀ ਹਸਤੀ ਦੀ ਰਚਨਾ ਕੀਤੀ ਜਿਹੜੀ ਅਜ ਤਕ ਸਾਰੀ ਦੁਨੀਆਂ ਵਿਚ ਮਨੁਖਤਾ ਦੀ ਪ੍ਰਤੀਨਿਧੀ ਹੈ । ਖਾਲਕ ਨੂੰ ਖਲਕਤ ਵਿਚ ਦੇਖਣ ਵਾਲਾ ਇਹ ਇਨਸਾਨ



www.AKJ.Org

ਭਾਈ ਮਨੀ ਸਿੰਘ ਦੇ ਬੰਦ ਬੰਦ ਕਟਾਉਣ ਦਾ ਵਿਰਸਾ, ਭਾਈ ਤਾਰੂ ਸਿੰਘ ਦਾ ਖੋਪਰੀ ਉਤਰਵਾਉਣ ਦਾ ਵਿਰਸਾ, ਬਾਬੇ ਬੰਦੇ ਬਹਾਦਰ ਦਾ ਬਾਬੇ ਦੀਪ ਸਿੰਘ ਸ਼ਹੀਦ ਦੀ ਸੂਰਮਤਾਈ ਦਾ ਵਿਰਸਾ ਆਪਣੇ ਸੀਨੇ ਵਿਚ ਸਾਂਭ ਕੇ ਧੌਣ ਉਚੀ ਕਰ ਕੇ ਹਰ ਅਸਥਾਨ ਤੇ 'ਤੇਰੇ ਭਾਣੇ ਸਰਬੱਤ ਦਾ ਭਲਾ' ਮੰਗਦਾ ਨਜ਼ਰ ਆ ਜਾਏਗਾ।

ਸ਼ਾਂਤੀ ਅਤੇ ਇਖ਼ਲਾਕ ਦੇ ਪੁੰਜ ਮਨੁਖਤਾ ਦੇ ਇਸ ਦੂਤ ਨੇ ਊਚ ਨੀਚ ਦੇ ਭੇਦ ਭਾਵ ਤੋਂ ਉਤਾਂਹ ਉਠ ਕੇ ਦੇਸ ਅਤੇ ਕੌਮ ਦੀਆਂ ਹੱਦਬੰਦੀਆਂ ਨੂੰ ਤੋੜਕੇ ਹਰ ਪ੍ਰਾਣੀ ਮਾਤਰ ਦੇ ਚੰਗੇ ਅਸੂਲਾਂ ਨੂੰ ਅਪਨਾਉਣ ਵਿਚ ਕਦੇ ਹਿੱਚਕ ਨਹੀਂ ਸਮਝੀ। ਸਚਾਈ ਨੂੰ ਇਸ ਲਈ ਅਖੋਂ ਉਹਲੇ ਨਹੀਂ ਕੀਤਾ ਕਿ ਉਹ ਕਿਸੇ ਨੀਵੀਂ ਜਾਤ ਦੇ ਜੁਲਾਹੇ, ਚਮਾਰ ਜਾਂ ਛੀਂਬੇ ਵਿਚ ਮੂਰਤੀਮਾਨ ਹੋਈ ਹੈ, ਬਲਕਿ ਇਸਨੇ ਭਾਈਚਾਰੇ ਦੇ ਗੁਣ, ਸੇਵਾ ਭਾਵਨਾ, ਸੰਗਠਨ ਭਾਵਨਾ, ਪਿਆਰ ਦੀ ਭਾਵਨਾ ਨੂੰ ਸਮੁਚੀ ਮਨੁਖਤਾ ਲਈ ਜ਼ਰੂਰੀ ਕਰਾਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਦੀ ਪਹੁਲ ਨੇ ਜਿਥੇ ਲੱਕ-ਟੁੱਟੇ ਲੋਕਾਂ ਨੂੰ ਆਪਣੇ ਬਾਹੂਬਲ ਤੇ ਭਰੋਸਾ ਕਰਨ ਦਾ ਮਾਣ ਬਖ਼ਸ਼ਿਆ ਉਥੇ ਨਾਲ ਹੀ ਨਾਲ ਸਾਂਝੀ ਦੇਗ ਵਿਚੋਂ ਸਾਂਝੀਵਾਲਤਾ ਰੂਪੀ ਕੜਾਹ ਪ੍ਰਸ਼ਾਦ ਦੇ ਗੱਫੇ ਵੀ ਸਰਬੱਤ ਲਈ ਖੁਲ੍ਹ ਕੇ ਵਰਤਾਏ। ਦੁਨੀਆਂ ਦੇ ਸਮਾਜਕ ਅਤੇ ਧਾਰਮਕ ਇਤਿਹਾਸਾਂ ਬਾਰੇ ਪੜਦਿਆਂ ਤੱਤ ਰੂਪ ਵਿਚ ਅਸੀਂ ਵੇਖਦੇ ਹਾਂ ਕਿ ਸਭ ਕੁਝ ਦੇ ਸਮਰੱਥ ਹੋਂਦਿਆਂ ਹੋਇਆਂ ਵੀ ਆਪਣੀ ਬਣਾਈ ਹੋਈ ਜਥੇਬੰਦੀ ਦੇ ਅਧੀਨ ਹੋਣ ਦੀ ਨਿਰਮਾਣਤਾ ਭਰਪੂਰ ਭਾਵਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਵਿਸ਼ੇਸ਼ ਵਖਰੇ ਉਚੇਰੇ ਸਨਮਾਨ ਭਰਪੂਰ ਅਸਥਾਨ ਦਾ ਅਧਿਕਾਰੀ ਬਣਾ ਦਿੰਦੀ ਹੈ, ਅਤੇ ਉਹਨਾਂ ਦੇ ਦਸੇ ਜੀਵਨ-ਪੂਰਨਿਆਂ ਉਤੇ ਤੁਰਨ ਵਾਲਿਆਂ ਨੂੰ ਅਣਭੋਲ ਹੀ ਇਕ ਅਜਿਹੇ ਵਿਰਸੇ ਦਾ ਹੱਕਦਾਰ ਬਣਾ ਦਿੰਦੀ ਹੈ ਕਿ ਰਹਿੰਦੀ ਦੁਨੀਆਂ ਤਕ ਸਿੱਖੀ ਦੇ ਅਸੂਲਾਂ ਉਤੇ ਤੁਰਨ ਵਾਲੇ ਲੋਕ ਆਪਣਾ ਸੀਨਾ ਤਾਣ ਕੇ ਖਲੋਣ ਦੀ ਦਲੇਰੀ ਮਹਿਸੂਸ ਕਰਦੇ ਰਹਿਣਗੇ।

ਸਾਹਿਬ ਫ਼ੁਰਮਾਉਂਦੇ ਹਨ—

'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀਂ ਮੋ ਸੋ ਗਰੀਬ ਕ੍ਰੋਰ ਪਰੇ ॥'

ਮਨੁਖਤਾ ਦੇ ਇਹੀ ਚਾਨਣ ਮੁਨਾਰੇ ਜਿਨ੍ਹਾਂ ਗੁਰੂ ਸਾਹਿਬ ਨੂੰ ਗੋਬਿੰਦ ਰਾਏ ਤੋਂ (ਗੁਰੂ) ਗੋਬਿੰਦ ਸਿੰਘ ਬਣਾਇਆ ਸੀ ਆਪਣੇ ਸਿਰਾਂ ਦੀਆਂ ਕੀਮਤਾਂ ਪਵਾਉਂਦੇ ਹੋਏ ਮੀਰ ਮੰਨੂੰ ਵਰਗੀਆਂ ਦਾਤਰੀਆਂ ਦੇ ਸੋਏ ਬਣਦੇ ਹੋਏ ਵੀ ਦਿਨ ਦੂਣੇ ਰਾਤ ਚੌਗਣੇ ਹੁੰਦੇ ਹੋਏ ਹਰ ਵੈਰੀ ਨਾਲ ਵੀ ਕੀਤੇ ਕੌਲ ਇਕਰਾਰਾਂ ਨੂੰ ਤਨੋ ਮਨੋਂ ਨਿਭਾਉਂਦੇ ਹੋਏ ਕਈ ਪੜਾਵਾਂ ਨੂੰ ਪਾਰ ਕਰਦੇ ਹੋਏ ਅਜ ਆਧੁਨਿਕਤਾ ਦੇ ਐਟਮੀ ਜੁਗ ਤਕ ਅਪੜੇ ਹਨ। ਵੀਹਵੀਂ ਸਦੀ ਵਿਚ ਵੀ ਕਈ ਮੋਰਚਿਆਂ ਅਤੇ ਘਲੂਘਾਰਿਆਂ ਨੇ ਇਹਨਾਂ ਦੀ ਸੰਤ-ਸਿਪਾਹੀ ਪਨ ਦੀ ਭਾਵਨਾ ਨੂੰ ਹੋਰ ਉਜਾਗਰ ਕੀਤਾ। ਇਸ ਜ਼ਮਾਨੇ ਵਿਚ ਵੀ ਕਰਮ ਸਿੰਘ ਵਰਗੇ ਸ਼ਹੀਦਾਂ ਨੇ ਭੁਖੇ ਤਿਹਾਏ ਕੈਦੀਆਂ ਨੂੰ ਜਲ ਪਾਣੀ ਛਕਾਉਣ ਵਾਸਤੇ ਗੱਡੀ ਰੋਕਣ ਲਈ ਆਪਣੀਆਂ ਛਾਤੀਆਂ ਹੱਸਦੇ ਹੱਸਦੇ ਗੱਡੀਆਂ ਅਗੇ ਡਾਹ ਦਿਤੀਆਂ।

ਜਿਥੇ ਸਾਡੇ ਵਾਸਤੇ ਇਹ ਵਿਰਸਾ ਮਾਣ ਅਤੇ ਅਣਖ ਦਾ ਇਕ ਸੋਮਾ ਹੈ ਉਥੇ ਨਾਲ ਹੀ ਨਾਲ ਦਿਲ ਕੰਬ ਉਠਦਾ ਹੈ ਅਖਾਂ ਸ਼ਰਮ ਨਾਲ ਨੀਵੀਂਆਂ ਹੋ ਜਾਂਦੀਆਂ ਹਨ ਜਦ ਵੇਖੀਦਾ ਹੈ ਕਿ ਫੈਸ਼ਨ ਪ੍ਰਸਤੀ ਸਾਨੂੰ ਸਿੱਖੀ ਜੀਵਨ ਤੋਂ ਕਿੰਨਾਂ ਦੂਰ ਲੈ ਜਾ ਰਹੀ ਹੈ। ਕੁਝ ਭੁਲੜ ਵੀਰ ਅਤੇ ਬੱਚੇ ਜਾਂਣ ਬੁੱਝ ਕੇ ਜਾਂ ਅਨਜਾਨ ਪੁਣੇ ਵਿਚ ਪ੍ਰਮਾਤਮਾਂ ਦੀ ਦਿਤੀ ਸਾਬਤ ਸੂਰਤ ਨੂੰ, ਮਨੁਖਤਾ ਦੀ ਮੋਹਰ ਕੇਸਾਂ ਨੂੰ ਪਿਆਰ ਕਰਨਾ ਘਟ ਕਰ ਰਹੇ ਹਨ ਅਤੇ ਤਰ੍ਹਾਂ ਤਰ੍ਹਾਂ ਦੇ ਕੋਝੇ ਯਤਨਾਂ ਨਾਲ, ਬੁੱਸੀ ਹੋਈ ਅਤੇ ਮਰ ਚੁਕੀ ਸਭਿਅਤਾ ਵਲ ਵਧਣ ਦਾ ਉਪਰਾਲਾ ਕਰ ਰਹੇ ਹਨ। ਬੜਾ ਦੁਖ ਹੈ ਕਿ ਅਸੀਂ ਆਪਣਾ ਨਾਂ ਤਾਂ ਉਹਨਾਂ ਬਜ਼ੁਰਗਾਂ ਨਾਲ ਜੋੜਨਾ ਚਾਹੁੰਦੇ ਹਾਂ ਜਿਨ੍ਹਾਂ ਦੀਆਂ ਮਾਰੀਆਂ ਤੇਗਾਂ ਅਜ ਤਕ ਸਾਨੂੰ ਸਹਾਈ ਹੋ ਰਹੀਆਂ ਹਨ ਪਰ ਉਨ੍ਹਾਂ*



www.AKJ.Org

# * ਗੁਰਮਤਿ ਕੀਰਤਨ *

(ਵਲੋਂ :–ਪ੍ਰੋ: ਹਰਬੰਸ ਸਿੰਘ ਜੀ)

ਲੈਅ ਤਾਲ ਵਿਚ ਕੀਰਤ ਅਥਵਾ ਜਸ ਕਹਿਣ ਅਰਥਾਤ ਗਾਇਨ ਦੁਆਰਾ ਜਸ ਕਹਿਣ ਨੂੰ ਕੀਰਤਨ ਕਿਹਾ ਜਾਂਦਾ ਹੈ, ਗੁਰਮਤਿ ਕੀਰਤਨ ਨਿਰਾ ਪੂਰਾ ਰਾਗ ਹੀ ਨਹੀਂ। ਇਹ ਤਾਂ ਅਲਾਹੀ ਕੀਰਤੀ ਅਥਵਾ ਸਿਫਤ ਸਲਾਹ ਨੂੰ ਰਾਗ ਦੁਆਰਾ ਪ੍ਰਗਟ ਕਰਨ ਦਾ ਨਾਂ ਹੈ। ਪ੍ਰੇਮ ਦੇ ਵੇਗ ਵਿਚ ਹਿਰਦੇ ਵਿਚੋਂ ਉਠੀਆਂ ਤ੍ਰੰਗਾਂ ਕੀਰਤ ਦਾ ਰੂਪ ਧਾਰ ਲੈਂਦੀਆਂ ਹਨ। ਗੁਰੂ ਸ਼ਬਦ ਦੁਆਰਾ ਕੀਰਤ ਗੁਰਮਤਿ ਕੀਰਤਨ ਹੋ ਨਿਬੜਦਾ ਹੈ। ਗੁਰਮਤਿ ਵਾਂਗ ਹੀ ਗੁਰਮਤਿ ਕੀਰਤਨ ਭੀ ਸਰਬ ਸਰੇਸ਼ਟ ਹੈ। ਇਸ ਦੀ ਕੋਈ ਰੀਸ ਨਹੀਂ। ਆਮ ਲੋਕਾਂ ਦੀ ਕਵਿਤਾ ਦੇ ਟੋਟਕਿਆਂ ਨੂੰ ਗਾਣ ਨਾਲ ਕਦੇ ਵੀ ਉਹ ਰਸ ਨਹੀਂ ਬੱਝ ਸਕਦਾ ਜੋ ਗੁਰੂ ਦੀ ਬਾਣੀ ਨੂੰ ਗਾਇਨ ਕਰਨ ਨਾਲ ਆਉਂਦਾ ਹੈ। ਗੁਰਬਾਣੀ ਦੇ ਗਾਇਨ ਨੂੰ ਹੀ ਤੇ ਗੁਰਮਤਿ ਕੀਰਤਨ ਅਥਵਾ ਅਲਾਹੀ ਕੀਰਤਨ ਕਿਹਾ ਜਾਂਦਾ ਹੈ ਕਿਉਂ ਜੋ ਗੁਰੂ ਦੀ ਬਾਣੀ 'ਧੁਰ ਕੀ ਬਾਣੀ' ਹੈ ਅਤੇ ਗੁਰੂ ਦੇ ਮੁਖ ਦੁਆਰਾ ਧੁਰ ਅਕਾਲ ਪੁਰਖ ਦੀ ਦਰਗਾਹ ਤੋਂ ਆਈ ਹੈ।

ਕੀਰਤਨ ਨਿਰਮੋਲਕ ਹੀਰਾ ਹੈ। ਇਸ ਦਾ ਮੁਲ ਨਹੀਂ ਪਾਇਆ ਜਾ ਸਕਦਾ। ਇਹ ਦਾਤੇ ਦੀ ਦਾਤ ਹੈ ਜਿਸ ਤੇ ਉਹ ਤਰੁਠਦਾ ਹੈ ਉਸਨੂੰ ਇਹ ਦਾਤ ਮਿਲਦੀ ਹੈ। ਦਾਤੇ ਦੀਆਂ ਦਾਤਾਂ ਤਾਂ ਅਣਗਿਣਤ ਹਨ ਪਰ ਗੁਰਮਤਿ ਕੀਰਤਨ ਅਮੁਲ ਹੈ। ਪੜ੍ਹਨ ਸੁਣਨ ਨਾਲੋਂ ਗੁਰਬਾਣੀ ਦਾ ਗਾਇਨ ਵਧੇਰੇ ਅਸੂਦਾਇਕ ਅਤੇ ਲਾਹੇਵੰਦ ਹੈ ਜਿਥੇ ਗੁਰੂ ਦੀ ਬਾਣੀ ਦੁਧ ਹੈ ਉਥੇ ਇਸ ਦਾ ਗਾਇਨ ਮੱਖਣ ਹੋ ਨਿਬੜਦਾ ਹੈ, ਜੋ ਰੂਹ ਨੂੰ ਬਲਵਾਨ ਬਣਾਉਣ ਵਿਚ ਬਹੁਤ ਸਹਾਈ ਹੁੰਦਾ ਹੈ। ਗੁਰਬਾਣੀ ਦੇ ਗਾਇਨ ਅਥਵਾ ਕੀਰਤਨ ਨਾਲ ਇਸ ਦੇ (ਗੁਰਬਾਣੀ) ਅੰਦਰ ਲੁਕੇ ਭਾਵ ਪ੍ਰਗਟ ਹੋ ਆਉਂਦੇ ਹਨ। ਗੁਰੂ ਸ਼ਬਦ ਦੀ ਸੋਝੀ ਆ ਜਾਂਦੀ ਹੈ। ਸ਼ਬਦ ਸੁਰਤ ਦਾ ਮੇਲ ਹੋ ਜਾਂਦਾ ਹੈ ਜੋ ਕ੍ਰਿਸ਼ਮਾ ਹੋ ਬਣਦਾ ਹੈ। ਸ਼ਬਦ ਸੁਰਤ ਦੀ ਖੇਡ ਹੀ ਤਾਂ ਅਸਲੀ ਖੇਡ ਹੈ। ਸੁਰਤੀ ਸ਼ਬਦ ਵਿਚ ਟਿਕਣੀ ਅਰੰਭ ਹੋਈ ਤਾਂ ਸਮਝੋ ਗੁਰੂ ਤਰੁਠਿਆ। ਗੁਰੂ ਦੀ ਬਖਸ਼ਸ਼ ਦੇ ਫੁਲ ਵਰਸਣ ਲੱਗੇ। ਬੱਸ ਜਾਣੋਂ ਬੇੜਾ ਪਾਰ ਹੋਣ ਲਗਾ। ਬਖ਼ਸ਼–ਦਰ ਖੁਲ੍ਹਿਆ ਤਾਂ ਸਮਝੋ ਚੁਰਾਸੀ ਕੱਟ ਹੋਣ ਲਗੀ। ਕੀਰਤਨ ਬਖਸ਼–ਦਰ ਦੇ ਖੁਲ੍ਹਵਾਉਣ ਲਈ ਕਾਰਗਰ ਸਾਧਨ ਹੈ। ਜਿਨ੍ਹਾਂ ਤੇ ਅਕਾਲ ਪੁਰਖ ਦੀ ਮੇਹਰ ਹੋਣ ਲਗਦੀ ਹੈ ਉਹਨਾਂ ਦਾ ਮਨ ਕੀਰਤਨ ਵਿਚ ਜੁੜਨ ਲਗ ਪੈਂਦਾ ਹੈ।

ਸਾਧ ਸੰਗਤ ਵਿਚ ਮਿਲ ਕੇ ਕੀਰਤਨ ਕਰਨ ਸੁਣਨ ਦਾ ਤਾਂ ਕਹਿਣਾ ਹੀ ਕੀ ਹੈ। ਇਹ ਕਰਮਾਂ ਸਿਰ ਕਰਮ ਹੈ ਪਰ

---

***ਦੇ ਦਸੇ ਪੂਰਨਿਆਂ ਤੇ ਤੁਰਨ ਦਾ ਚਾਅ ਦਿਨ ਬਦਿਨ ਸਾਡੇ ਵਿਚੋਂ ਘਟ ਰਿਹਾ ਹੈ। ਅਸੀਂ ਤਾਂ ਚਾਹੁੰਦੇ ਹਾਂ ਕਿ ਸਾਨੂੰ ਸਾਰੇ ਸਿੰਘ, ਸਰਦਾਰ ਸਮਝਣ ਅਤੇ ਸੱਦਣ ਪਰ ਇਹ ਭੁੱਲ ਜਾਂਦੇ ਹਾਂ ਕਿ ਕਥਨੀ ਅਤੇ ਕਰਨੀ ਵਿਚ ਅਸੀਂ ਕਿੰਨੀ ਵਿੱਥ ਪਾ ਚੁਕੇ ਹਾਂ। ਕੀ ਅਸੀਂ ਮੁੜ "ਕਰਤੂਤ ਪਸੂ ਕੀ ਮਾਨਸ ਜਾਤਿ" ਵਾਲੇ ਪਾਸੇ ਤਾਂ ਨਹੀਂ ਝੁਕ ਰਹੇ ? ਕੀ ਅਸੀਂ ਮੁੜ ਈਮਾਨਦਾਰੀ ਅਤੇ ਸਚਾਈ ਨੂੰ ਇਕ ਨੀਤੀ ਦੇ ਤੌਰ ਤੇ ਵਰਤਣ ਦੇ ਆਹਰੇ ਤਾਂ ਨਹੀਂ ਲਗ ਪਏ ? ਆਉ ਅਜ ਅਸੀਂ ਠੰਢੇ ਦਿਲ ਨਾਲ ਨਿਰਪੱਖ ਹੋ ਕੇ ਸੋਚੀਏ ਅਤੇ ਵੇਖੀਏ ਕਿ ਸਾਨੂੰ ਸਾਜਣ ਵੇਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜਾ ਸੁਪਨਾ ਵੇਖਿਆ ਸੀ ਅਤੇ ਉਸ ਸੁਪਨੇ ਨੂੰ ਸਾਕਾਰ ਕਰਨ ਵਿਚ ਸਾਡਾ ਕੀ ਯੋਗ ਦਾਨ ਹੈ ਅਤੇ ਕੀ ਹੁਣ ਵੀ ਅਸੀਂ ਵਾਸਤਵ ਵਿਚ ਮਨੁਖਤਾ ਦੇ ਰਾਜਦੂਤ ਕਹਾਉਣ ਦੇ ਹੱਕਦਾਰ ਹੋ ਸਕਦੇ ਹਾਂ ?**



www.AKJ.Org

ਮਿਲਦਾ ਭਾਗਾਂ ਵਾਲੇ ਨੂੰ ਹੀ ਹੈ ਜਿਵੇਂ ਕਿ ਗੁਰੂ ਜੀ ਨੇ ਫੁਰਮਾਇਆ ਹੈ—

'ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ।
ਕਹੁ ਨਾਨਕ ਤਿਸੁ ਭਇਓ ਪਰਾਪਤਿ
ਤਿਸੁ ਪੁਰਬ ਲਿਖੇ ਕਾ ਲਹਣਾ।'

ਸਾਧ ਸੰਗਤ ਵਿਚ ਹਰੀ ਦਾ ਜਸ ਅਥਵਾ ਕੀਰਤਨ ਇਸ ਧਰਤੀ ਤੇ ਸਵਰਗ ਵਸਾ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਬਾਣੀ ਦਾ ਗਾਇਨ ਅਥਵਾ ਗੁਰਮਤਿ ਕੀਰਤਨ ਬੈਕੁੰਠ ਹੋ ਨਿਬੜਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂਹੀਓਂ ਤੇ ਕਿਹਾ ਹੈ ਕਿ 'ਤਹਾ ਬੈਕੁੰਠ ਜਹ ਕੀਰਤਨ ਤੇਰਾ।' ਗੁਰਮਤਿ ਕੀਰਤਨ-ਅਖਾੜੇ ਵਿਚ ਦਾਤੇ ਦੀ ਅਪਾਰ ਬਖ਼ਸ਼ਸ਼ ਹੁੰਦੀ ਹੈ। ਝਿਮ ਝਿਮ ਅੰਮ੍ਰਿਤ ਵਰਸਦਾ ਹੈ, ਜਿਹੜੇ ਗੁਰਮੁਖ ਪਿਆਰੇ ਆਪਣੇ ਸਰੀਰ ਰੂਪੀ ਭਾਂਡੇ ਨੂੰ ਧੋ ਸੁਆਰ ਕੇ ਪਪੀਹੇ ਵਤ ਸੁਆਂਤ ਬੂੰਦ ਲਈ ਆਸਾਂ ਲਾਈ ਇਕ ਟਿਕ ਹੋ ਬੈਠੇ ਹੁੰਦੇ ਹਨ ਉਹਨਾਂ ਦੇ ਭਾਂਡੇ ਗੁਰ ਸ਼ਬਦ ਰੂਪੀ ਅੰਮ੍ਰਿਤ ਨਾਲ ਭਰ ਜਾਂਦੇ ਹਨ ਅਤੇ ਅੰਮ੍ਰਿਤ ਦਾ ਰਸ ਬੱਝ ਜਾਂਦਾ ਹੈ। ਗੁਰ ਸ਼ਬਦ ਮਿੱਠਾ ਲੱਗਾ ਤਾਂ ਸਮਝੋ ਅੰਮ੍ਰਿਤ ਦਾ ਰਸ ਬੱਝਾ ਅਤੇ ਪ੍ਰਭੂ ਕਿਰਪਾਲੂ ਨਾਲ ਲਿਵ ਜੁੜੀ। ਅੰਮ੍ਰਿਤ ਦੇ ਰਸ ਨੂੰ ਹੀ ਤੇ ਪ੍ਰਾਣੀ ਲੋਚਦਾ ਹੈ। ਜਿਸ ਦੇ ਹੀਏ ਸ਼ਬਦ-ਗੁਰੂ ਵਸ ਗਿਆ ਸਮਝੋ ਹਲਤ ਪਲਤ ਸਵਾਰਿਆ ਗਿਆ। ਇਹ ਸਭ ਕੁਝ ਗੁਰਮਤਿ ਕੀਰਤਨ ਦੇ ਤੁਫ਼ੈਲ ਸਹਿਜੇ ਹੀ ਹੋ ਨਿਬੜਦਾ ਹੈ।

ਕੀਰਤਨ ਕਰਨਾ ਅਤੇ ਸੁਨਣਾ ਗੁਰੂ ਦਾ ਹੁਕਮ ਹੈ। ਗੁਰਸਿਖ ਨੇ ਗੁਰੂ ਦੇ ਹੁਕਮਾਂ ਅਨੁਸਾਰ ਚਲਣਾ ਹੈ। ਉਸ ਦੇ ਨੱਕ ਨੱਥ ਅਤੇ ਗਲੇ ਜ਼ੰਜੀਰ ਹੈ, ਜਿਧਰ ਨੂੰ ਗੁਰੂ ਖਿਚੇਗਾ ਓਧਰ ਨੂੰ ਹੀ ਉਸ ਨੇ ਜਾਣਾ ਹੈ। ਕੀਰਤਨ ਦੇ ਸੰਬੰਧ ਵਿਚ ਗੁਰੂ ਬਾਣੀ ਵਿਚ ਹੇਠ ਲਿਖੀ ਪ੍ਰਕਾਰ ਦੇ ਹੁਕਮ ਮਿਲਦੇ ਹਨ—

ਸਾਧ ਸੰਗਿ ਹਰਿ ਕੀਰਤਨੁ ਗਾਈਐ।
ਕਹੁ ਨਾਨਕ ਵਡਭਾਗੀ ਪਾਈਐ।
... ... ... ...
ਭਗਤਿ ਭਾਇ ਹਰਿ ਕੀਰਤਨ ਕਰੀਐ।
ਜਪਿ ਪਾਰਬ੍ਰਹਮ ਨਾਨਕ ਨਿਸਤਰੀਐ।
... ... ... ...
ਗੁਰਦੁਆਰੈ ਹਰਿ ਕੀਰਤਨੁ ਸੁਣੀਐ।
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ।

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ।
ਅਨਿਕ ਬਾਰ ਕਰ ਬੰਦਨ ਸੰਤਨ
ਊਹਾਂ ਚਰਨ ਗੋਬਿੰਦ ਜੀ ਕੇ ਬਸਨਾ।
... ... ... ...
ਹਰਿ ਕੀਰਤਨ ਗਾਵਹੁ ਦਿਨੁ ਰਾਤੀ
ਸਫਲ ਏਹਾ ਹੈ ਕਾਰੀ ਜੀਉ।
... ... ... ...
ਸਾਧ ਸੰਗਿ ਹਰਿ ਕੀਰਤਨੁ ਗਾਈਐ।
ਇਹੁ ਅਸਥਾਨੁ ਗੁਰੂ ਤੇ ਪਾਈਐ।
... ... ... ...
ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟੈ।
ਨਿਰਾਬਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ।
... ... ... ...
ਦਿਨਸੁ ਰੈਨਿ ਹਰਿ ਕੀਰਤਨੁ ਗਾਈਐ।
ਸੋ ਜਨ ਜਮ ਕੀ ਵਾਟ ਨ ਪਾਈਐ।
... ... ... ...
ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ।
... ... ... ...
ਅੰਤਰਿ ਗਾਵਉ ਬਾਹਿਰ ਗਾਵਉ ਗਾਵਉ ਜਾਗਿ ਸਵਾਰੀ।
... ... ... ...
ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮਾਰੀ।
... ... ... ...
ਸਦਾ ਕੀਰਤਿ ਕਰਿ ਨਾਨਕ ਹਰਿ ਕੀ
ਉਬਰੇ ਸਤਿਗੁਰ ਚਰਣ ਓਟਾਹਾ।
... ... ... ...
ਮਨ ਹਰਿ ਕੀਰਤਿ ਕਰਿ ਸਦਹੂੰ।
ਗਾਵਤ ਸੁਣਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ।
... ... ... ...
ਹਰਿ ਦਿਨੁ ਰੈਨਿ ਕੀਰਤਨ ਗਾਈਐ।
ਬਹੁੜਿ ਨ ਜੋਨੀ ਪਾਈਐ।
... ... ... ...
ਮਨਿ ਜਪੀਐ ਹਰਿ ਜਗਦੀਸ ਮਿਲਿ ਸੰਗਤਿ ਸਾਧੂ ਮੀਤ।
ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ।


www.AKJ.Org

ਮਿਲਿ ਰਹੀਐ ਪ੍ਰਭ ਸਾਧ ਜਨਾ
ਮਿਲਿ ਹਰਿ ਕੀਰਤਨ ਸੁਨੀਐ ਰਾਮ ।

ਜਦੋਂ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਉਹਨਾਂ ਨੇ ਸਿੱਖਾਂ ਨੂੰ ਆਪਣੇ ਪਿਛੋਂ ਰੋਣ ਧੋਣ ਦੀ ਥਾਂ ਕੀਰਤਨ ਕਰਨ ਦਾ ਹੀ ਹੁਕਮ ਦਿਤਾ ਜਿਵੇਂ ਕਿ 'ਰਾਮਕਲੀ ਸਦੁ' ਵਿਚ ਦਰਜ ਹੈ :–

ਅੰਤੇ ਸਤਿਗੁਰੁ ਬੋਲਿਆ ਮੈਂ ਪਿਛੈ
ਕੀਰਤਨੁ ਕਰਿਅਹੁ ਨਿਰਬਾਣੁ ਜੀਉ ।

ਹਰਿ ਜਸ ਅਥਵਾ ਗੁਰਮਤਿ ਕੀਰਤਨੁ ਬਹੁਤ ਕਲਿਆਣਕਾਰੀ ਹੈ । ਇਹ ਜੀਵ ਨੂੰ ਲੋਹੇ ਤੋਂ ਸੋਨਾ ਬਨਾਉਣ ਵਿਚ ਬਹੁਤ ਸਹਾਈ ਹੁੰਦਾ ਹੈ । ਗੁਰੂ ਦੀ ਬਾਣੀ ਕੀਰਤਨ ਦੇ ਫਲ ਨੂੰ ਇਉਂ ਪ੍ਰਗਟ ਕਰਦੀ ਹੈ :

ਕਰਿ ਕੀਰਤਨੁ ਮਨ ਸੀਤਲ ਭਏ ।
ਜਨਮ ਜਨਮ ਕੇ ਕਿਲਵਿਖ ਗਏ ।

... ... ... ...

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ।
ਤਿਸ ਜਨ ਦੂਖੁ ਨਿਕਟਿ ਨਹੀ ਆਵੈ ।

... ... ... ...

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ।
ਨਾਨਕ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ ।

... ... ... ...

ਵੈਰ ਵਿਰੋਧ ਮਿਟੇ ਤਿਹ ਮਨ ਤੇ ।
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ।

.... ... .... ....

ਜੰਮਣੁ ਮਰਣੁ ਨ ਤਿਨ ਕਉ ਜੋ ਹਰਿ ਲੜ ਲਾਗੇ ।
ਜੀਵਤ ਸੇ ਪਰਵਾਣ ਹੋਏ ਹਰਿ ਕੀਰਤਨਿ ਜਾਗੇ ।

... ... ... ...

ਸੂਖ ਸਹਜ ਆਨਦ ਘਣਾ ਹਰਿ ਕੀਰਤਨ ਗਾਉ ।

... ... ... ...

ਹਰਿ ਜਸੁ ਸਾਧ ਸੰਗਿ ਮਿਲਿ ਗਾਇਓ ।
ਗੁਰਪ੍ਰਸਾਦਿ ਭਇਓ ਮਨੁ ਨਿਰਮਲੁ
ਸਰਬ ਸੁਖਾ ਸੁਖ ਪਾਇਓ ।

ਸੰਤ ਜਨਾ ਮਿਲਿ ਹਰਿ ਜਸੁ ਗਾਇਓ ।
ਕੋਟਿ ਜਨਮੁ ਕੇ ਦੂਖ ਗਵਾਇਓ ।

.... .... ... ...

ਜੋ ਜਨ ਕਰੇ ਕੀਰਤਨੁ ਗੋਪਾਲ ।
ਤਿਸ ਕਉ ਪੋਹਿ ਨ ਸਕੈ ਜਮਕਾਲ ।

... ... ... ...

ਭਾਇ ਭਗਤਿ ਪ੍ਰਭ ਕੀਰਤਨਿ ਲਾਗੈ ।
ਜਨਮ ਜਨਮ ਕਾ ਸੋਇਆ ਜਾਗੈ ।

... ... ... ...

ਭਏ ਦਇਆਲ ਕਿਰਪਾਲ ਸੰਤ ਜਨ
ਤਬ ਇਹ ਬਾਤ ਬਤਾਈ ।
ਸਰਬ ਧਰਮ ਮਾਨੋ ਤਿਹ ਕੀਏ
ਜਿਹ ਪ੍ਰਭ ਕੀਰਤ ਗਾਈ ।

... ... ... ...

ਅਨਦ ਸੂਖ ਬਿਸ੍ਰਾਮ ਨਿਤ ਹਰਿ ਕਾ ਕੀਰਤਨ ਗਾਇ ।

... ... ... ...

ਜਮ ਦੂਤ ਤਿਸੁ ਨਿਕਟਿ ਨ ਆਵੈ ।
ਸਾਧ ਸੰਗਿ ਹਰਿ ਕੀਰਤਿ ਗਾਵੈ ।
ਸਗਲ ਮਨੋਰਥ ਤਾਕੇ ਪੂਰਨ
ਜੋ ਸ੍ਰਵਣੀ ਪ੍ਰਭ ਕ ਜਸੁ ਸੁਣਾ ।

... ... ... ...

ਰੋਗ ਸੋਗ ਦੂਖ ਤਿਸ ਨਾਹੀ ।
ਸਾਧ ਸੰਗਿ ਹਰਿ ਕੀਰਤਨੁ ਮਾਹੀ ।

... ... ... ...

ਮਿਟੇ ਦੂਖ ਕਲਿਆਣ ਕੀਰਤਨ
ਬਹੁੜਿ ਜੋਨਿ ਨ ਪਾਵਾ ।

... ... ... ...

ਨਾਨਕ ਜਨ ਹਰਿ ਕੀਰਤਿ ਗਾਈ
ਛੂਟਿ ਗਇਓ ਜਮ ਕਾ ਸਭ ਸੋਰ ।

... ... ... ...

ਜੋ ਜੋ ਕਥੈ ਸੁਨੈ ਹਰਿ ਕੀਰਤਨੁ
ਤਾਕੀ ਦੁਰਮਤਿ ਨਾਸ ।

... ... .... ....

ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ ।



www.AKJ.Org

ਗੁਰ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ
ਬਿਨਸੇ ਸਰਬ ਅੰਦੇਸਾ ।
ਨਾਨਕ ਸੁਖੁ ਪਾਇਆ ਹਰਿ ਕੀਰਤਨਿ
ਮਿਟਿਓ ਸਗਲ ਕਲੇਸਾ ।

... ... .... ....

ਜੰਮਣੁ ਮਰਣੁ ਨ ਤਿਨੁ ਕਉ ਜੋ ਹਰਿ ਲੜਿ ਲਾਗੇ ।
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨੁ ਜਾਗੇ ।

... ... ... ...

ਮਹਾ ਅਨੰਦ ਕੀਰਤਨ ਹਰਿ ਸੁਨੀਆ ।

ਇਸ ਸਾਰੀ ਵਿਚਾਰ ਦਾ ਸਿੱਟਾ ਇਉਂ ਉਲੀਕਿਆ ਜਾ ਸਕਦਾ ਹੈ :-

੧. ਕੀਰਤਨ ਨਿਰਮੋਲਕ ਹੀਰਾ ਹੈ ।

੨. ਗੁਰੂ ਦੇ ਹਜ਼ੂਰ ਸਾਧ ਸੰਗਤ ਵਿਚ ਕੀਰਤਨ ਬੈਕੁੰਠ ਹੈ ।

੩. ਕੀਰਤਨ ਸੁਰਤੀ ਨੂੰ ਸ਼ਬਦ ਵਿੱਚ ਜੋੜਨ ਦਾ ਵਧੀਆ ਸਾਧਨ ਹੈ ।

੪. ਗੁਰਮਤਿ ਕੀਰਤਨ ਵਿੱਚ ਅੰਮ੍ਰਿਤ ਵਰਸਦਾ ਹੈ ਜਿਸ ਦੇ ਪੀਤਿਆਂ ਗੁਰਮੁਖ ਪਪੀਹੇ ਤ੍ਰਿਪਤਦੇ ਹਨ ।

੫. ਕੀਰਤਨ ਦੁਆਰਾ ਪ੍ਰਭੂ ਨਾਲ ਲਿਵ ਜੁੜਦੀ ਹੈ ।

੬. ਕੀਰਤਨ ਗੁਰਬਾਣੀ ਦੇ ਗੁੱਝੇ ਭਾਵਾਂ ਨੂੰ ਪ੍ਰਗਟ ਕਰਦਾ ਹੈ ।

੭. ਕੀਰਤਨ ਕਰਨਾ ਅਤੇ ਸੁਣਨਾ ਗੁਰੂ ਦਾ ਹੁਕਮ ਹੈ ।

੮. ਕੀਰਤਨ ਜਮ ਦਾ ਭਓ ਦੂਰ ਕਰਦਾ ਹੈ ।

੯. ਕੀਰਤਨ ਮਨ ਵਿਚ ਠੰਢ ਵਸਾਉਂਦਾ ਹੈ ।

੧੦. ਕੀਰਤਨ ਕਰਨ ਅਤੇ ਸੁਣਨ ਨਾਲ ਦੁਖ ਨੇੜੇ ਨਹੀਂ ਆਉਂਦਾ, ਸਰਬ ਸੁਖ ਮਿਲ ਜਾਂਦੇ ਹਨ ।

੧੧. ਕੀਰਤਨ ਮਨ ਵਿਚੋਂ ਵੈਰ ਵਿਰੋਧ ਮਿਟਾ ਦਿੰਦਾ ਹੈ ।

੧੨. ਕੀਰਤਨ ਕਰੋੜਾਂ ਜਨਮ ਦੇ ਦੁਖ ਮਿਟਾ ਦਿੰਦਾ ਹੈ ।

੧੩. ਕੀਰਤਨ ਜਨਮ ਜਨਮਾਤਰਾਂ ਦੇ ਸੁਤੇ ਹੋਏ ਭਾਗ ਜਗਾ ਦਿੰਦਾ ਹੈ ।

੧੪. ਜਿਹੜੇ ਪ੍ਰਾਣੀ ਸਾਧ ਸੰਗਤ ਵਿਚ ਜਾ ਕੇ ਕੀਰਤਨ ਕਰਦੇ ਅਤੇ ਸੁਣਦੇ ਹਨ ਉਨ੍ਹਾਂ ਦੇ ਰੋਗ, ਸੋਗ ਅਤੇ ਦੁੱਖ ਮਿਟ ਜਾਂਦੇ ਹਨ । ਉਨ੍ਹਾਂ ਦੇ ਲਾਗੇ ਜਮ ਨਹੀਂ ਆਉਂਦਾ । ਉਨ੍ਹਾਂ ਨੂੰ ਸੁਖ ਅਤੇ ਅਨੰਦ ਮਿਲ ਜਾਂਦਾ ਹੈ । ਉਨ੍ਹਾਂ ਦਾ ਜਨਮ ਮਰਨ ਮੱਕ ਜਾਂਦਾ ਹੈ । ਉਨ੍ਹਾਂ ਦੇ ਕਲੇਸ਼ ਕੱਟੇ ਜਾਂਦੇ ਹਨ । ਉਨ੍ਹਾਂ ਦੇ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ । ਸਾਰੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਹਨ । ਸਾਰੇ ਫਿਕਰ ਫਾਕੇ ਦੂਰ ਹੋ ਜਾਂਦੇ ਹਨ ਅਤੇ ਅਨੰਦੋ ਅਨੰਦ ਵਸ ਜਾਂਦਾ ਹੈ ।

ਸੋ ਗੁਰਮੁਖ ਪਿਆਰਿਓ !

ਆਓ ! ਸਤਿਗੁਰੂ ਦੀ ਬਾਣੀ ਨੂੰ ਸਤਿ ਕਰਕੇ ਮੰਨੀਏ । ਇਸ ਉਤੇ ਰੰਚਕ ਮਾਤਰ ਭੀ ਸੰਸਾ ਨਾਂ ਕਰੀਏ । ਜਿਵੇਂ ਗੁਰੂ ਦੀ ਬਾਣੀ ਚਾਨਣਾ ਦਿਖਾਉਂਦੀ ਹੈ ਤਿਵੇਂ ਹੀ ਕਰੀਏ । ਜਿਹੜਾ ਰਾਹ ਗੁਰੂ ਦਸਦਾ ਹੈ ਉਸੇ ਹੀ ਰਸਤੇ ਹੋ ਪਈਏ । ਇਹੋ ਹੀ ਵਧੀਆ ਵਿਧੀ ਹੈ ਪਾਰ ਉਤਾਰੇ ਦੀ । ਤਾਂ ਤੇ ਗੁਰੂ ਸੁਆਰਿਓ ! ਲਓ ਕੀਰਤਨ ਦੇ ਲਾਹੇ । ਗੁਛਾ-ਮੁਛਾ ਸਾਧ-ਸੰਗਤ ਵਿਚ ਬੈਠਕੇ ਗਾਓ ਹਰਿ ਜਸ, ਸੁਣੋ ਕੀਰਤਨ । ਜੋੜੋ ਲਿਵ ਉਸ ਅਕਾਲੀ ਜੋਤ ਪਿਤਾ ਪਰਮਾਤਮਾ ਨਾਲ । ਤਾਂ ਜੋ ਲੋਕ ਸੁਖੀਏ ਅਤੇ ਪਰਲੋਕ ਸੁਹੇਲੇ ਹੋ ਨਿਬੜੀਏ ।



www.AKJ.Org

# ਓਅੰਕਾਰ—ਇਕ ਅਧਿਐਨ

(ਵਲੋਂ :—ਪ੍ਰੋ: ਪਿਆਰਾ ਸਿੰਘ ਜੀ ਪਦਮ)

ਜੇਕਰ 'ਜਪੁ' ਗੰਭੀਰ ਜਗਿਆਸੂਆਂ ਲਈ 'ਵਾਰ ਆਸਾ' ਹਿੰਦੂ ਕਰਮ ਕਾਂਡ ਦੀ ਸੋਧ ਤੇ ਸਿਧ ਗੋਸ਼ਟਿ ਜੋਗੀਆਂ ਦੇ ਹਠਯੋਗ ਦੀ ਦਰੁਸਤੀ ਲਈ ਲਿਖੀ ਬਾਣੀ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ 'ਓਅੰਕਾਰ' ਪੜ੍ਹੀ ਲਿਖੀ ਜਮਾਤ ਨੂੰ ਸਹੀ ਸੇਧ ਦੇਣ ਖਾਤਰ ਹੈ। ਉਸ ਜ਼ਮਾਨੇ ਪੇਸ਼ਾਵਰ ਅਧਿਆਪਕ-ਪੰਡਿਤ ਪਾਂਧੇ ਆਪਣੀ ਤਰ੍ਹਾਂ ਦਾ ਦਿਮਾਗੀ ਜੀਵਨ ਜੀਉਂਦੇ ਸਨ ਤੇ ਆਪਣੀ ਗ਼ਲਤ ਹਉਮੈ ਕਾਰਣ ਮੂਲ ਤੇ ਸਾਥੀ ਸਮਾਜ ਦੋਹਾਂ ਨਾਲੋਂ ਟੁੱਟੇ ਹੋਏ ਸਨ। ਅਜੇਹੇ ਉਸਤਾਦ ਵਿਦਯਾਰਥੀ ਬਾਲਕਾਂ ਨੂੰ ਜੀਵਨ ਜਾਚ ਸਿਖਾਉਣ ਜੋਗੇ ਨਹੀਂ ਹੁੰਦੇ ਜੋ ਆਪਣੇ ਵਤੀਰੇ ਦੁਆਰਾ inspire ਨਹੀਂ ਕਰਦੇ, ਉਹ ਠੰਢਾ ਲੋਹਾ ਕੁੱਟਦੇ ਹਨ। ਭਾਵ ਇਹ ਹੈ ਕਿ ਲਿਖਾ ਪੜ੍ਹਾ ਕੇ ਵੀ ਉਹ ਜੀਵਨ ਪਰਿਵਰਤਨ ਨਹੀਂ ਕਰ ਸਕਦੇ। ਵਰਤਮਾਨ ਜੇਲ੍ਹਾਂ, ਕੈਦਖਾਨੇ ਤੇ ਹੋਰ ਸਮਾਜਕ ਗੜਬੜ ਇਸ ਗਲ ਦਾ ਸਬੂਤ ਹੈ ਕਿ ਵਿਦਵਾਨ ਅਧਿਆਪਕ ਮਨੁਖ ਜਾਤੀ ਨੂੰ ਪੂਰੀ ਤਰਾਂ ਸੁਰਖਿਅਤ ਨਹੀਂ ਕਰ ਸਕੇ। ਸੋ ਸਮਾਜ ਉਸਾਰੀ ਵਿਚ ਅਧਿਆਪਕ ਤੇ ਵਿਦਿਆ ਦੋਹਾਂ ਦਾ ਅਹਿਮ ਹਿਸਾ ਹੈ, ਜਿਸ ਵਲ ਧਿਆਨ ਦੇਣਾ ਅਤਿਅੰਤ ਜ਼ਰੂਰੀ ਹੈ। ਗੁਰੂ ਸਾਹਿਬ ਨੇ ਇਸ ਵਿਦਿਆ ਨੂੰ ਸਕਾਰਥਾ ਕਰਨ ਲਈ ਹੀ ਇਥੇ ਕੁਝ ਜ਼ਰੂਰੀ ਨਸੀਹਤਾਂ ਦਿਤੀਆਂ ਹਨ ਜੋ ਅਜ ਦੇ ਅਧਿਆਪਕ ਗਣ ਲਈ ਵੀ ਲਾਭਵੰਦ ਹਨ।

ਸਾਹਿਤ ਵਿੱਚ ਵਰਣਮਾਲਾ ਆਸਰੇ ਕਾਵਿ-ਰਚਨਾ ਕਰਨ ਦਾ ਪੁਰਾਣਾ ਰਿਵਾਜ ਹੈ। ਯੂਨਾਨੀ ਵਿਚ 'ਅਲਫੇਬਿਟ ਪੁਇਮਜ਼' ਲਿਖੀਆਂ ਮਿਲਦੀਆਂ ਹਨ ਤੇ ਭਾਰਤੀ ਸਾਹਿਤ ਵਿਚ 'ਬਾਵਨੀ' ਯਾ ਬਾਵਨ ਅੱਖਰੀਆਂ ਕਾਫੀ ਪ੍ਰਸਿੱਧ ਹਨ। 'ਓਅੰਕਾਰ' ਵੀ ਇਸੇ ਸ਼੍ਰੇਣੀ ਦੀ ਰਚਨਾ ਹੈ ਜਿਸ ਦੀਆਂ ੫੪ ਪਉੜੀਆਂ ਵਿਚ ਅੱਖਰਾਂ ਨੂੰ ਅਧਾਰ ਬਣਾ ਕੇ ਅਧਿਆਤਮਕ ਗੱਲਾਂ ਦੀ ਵਿਚਾਰ ਛੇੜੀ ਗਈ ਹੈ।

ਪੁਰਾਣੇ ਸੰਪ੍ਰਦਾਈ ਗਿਆਨੀਆਂ 'ਓਅੰਕਾਰ' ਬਾਰੇ ਇਹ ਵੀ ਸਾਖੀ ਦਸੀ ਹੈ ਕਿ ਮੱਧ ਭਾਰਤ ਦੇ ਜ਼ਿਲਾ ਨਿਮਾੜ ਵਿਚ ਨਰਮਦਾ ਨਦੀ ਦੇ ਮਾਂਧਾਤਾ ਟਾਪੂ ਵਿਚ 'ਓਅੰਕਾਰ' ਨਾਮ ਦਾ ਮੰਦਿਰ ਹੈ, ਗੁਰੂ ਸਾਹਿਬ ਨੇ ਉਥੇ ਇਹ ਬਾਣੀ ਉਚਾਰੀ, ਇਸ ਕਰਕੇ ਇਸਦਾ ਨਾਂ 'ਦੱਖਣੀ ਓਅੰਕਾਰ' ਪਿਆ, ਇਹ ਵਿਚਾਰ ਠੀਕ ਨਹੀਂ। ਦਰਅਸਲ ਹਿੰਦੁਸਤਾਨੀ ਸੰਗੀਤ ਦੇ ਦੋ ਮੁਖ ਭੇਦ ਹਨ—ਪੂਰਬੀ ਤੇ ਦੱਖਣੀ। ਹੋਰ ਕਈ ਰਾਗਾਂ ਵਾਂਙ ਗੁਰੂ ਜੀ ਨੇ 'ਰਾਮਕਲੀ ਦੱਖਣੀ' ਰਾਗ ਦਾ ਵੀ ਪ੍ਰਯੋਗ ਕੀਤਾ ਹੈ, ਇਸ ਕਰਕੇ 'ਦੱਖਣੀ' ਰਾਮਕਲੀ ਦਾ ਵਿਸ਼ੇਸਣ ਹੈ, ਓਅੰਕਾਰ ਦਾ ਨਹੀਂ। ਜਿਵੇਂ ਬਿਲਾਬਲ ਦੱਖਣੀ, ਗਉੜੀ ਦੱਖਣੀ,। ਇਸੇ ਤਰ੍ਹਾਂ ਰਾਮਕਲੀ ਦੱਖਣੀ ਹੈ। ਸੋ 'ਦੱਖਣੀ ਓਅੰਕਾਰ' ਪੜ੍ਹਨਾ ਭੁੱਲ ਹੈ। ਕੁਝ ਸੱਜਣਾਂ ਨੂੰ ਇਹ ਵੀ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਇਹ ਬਾਣੀ ਬਨਾਰਸ, ਪੰਡਿਤ ਚਤੁਰਦਾਸ ਨੂੰ ਸਿਖਿਆ ਦੇਣ



www.AKJ.Org

ਲਈ ਉਚਾਰੀ। ਸੰਭਵ ਹੈ ਅਜੇਹਾ ਹੋਵੇ, ਇਸ ਬਾਰੇ ਬਹੁਤੀ ਚਰਚਾ ਕਰਨ ਦੀ ਲੋੜ ਨਹੀਂ ਭਾਸਦੀ। ਪਰੰਤੂ ਅਸਾਡਾ ਵਿਚਾਰ ਵੱਖਰਾ ਹੈ ਕਿ ਵਰਣਮਾਲਾ ਆਸਰੇ ਲਿਖੀ ਜਾਣ ਵਾਲੀ ਪਰਪਾਟੀ ਨੂੰ ਲੈ ਕੇ 'ਓਅੰਕਾਰ' ਦਾ ਉਚਾਰਣ ਹੋਇਆ ਹੈ। ਹੁਣ ਇਸ ਨਾਮ ਕਰਣ ਸਬੰਧੀ ਥੋੜੀ ਵਿਚਾਰ ਕਰਨਾ ਜ਼ਰੂਰੀ ਹੈ।

ਕਿਸੇ ਜ਼ਮਾਨੇ ਲਿਪੀ ਸਿਖਾਂਦਿਆਂ ਪਹਿਲੇ ਪਹਿਲ ਬਚੇ ਨੂੰ 'ਓਅੰ ਨਮੋ ਸਿਧੰ' ਮੰਤ੍ਰ ਰਟਾਇਆ ਜਾਂਦਾ ਸੀ, ਫਿਰ ਇਸੇ ਆਸਰੇ ਇਹ ਲਿਪੀ ਦਾ ਨਾਮ ਪੈ ਗਿਆ। ਪੰਜਾਬ ਵਿਚ ਇਸ ਨੂੰ ਕੱਚੇ ਪਾਂਧੀ 'ਓਨਾ ਮੌਸੀ ਧੋ' ਕਹਿ ਕੇ ਵੀ ਰਟਾਉਂਦੇ ਰਹੇ ਹਨ। ਭਾਵ ਇਸ ਦਾ ਇਹੋ ਕਿ ਉਸ ਓਅੰਕਾਰ ਪਰਮੇਸ਼ਰ ਨੂੰ ਨਮਸਕਾਰ ਹੈ। ਇਸ ਲਿਪੀ ਨੂੰ 'ਸਿਧੰ ਲਿਪੀ' ਯਾ 'ਸਿੱਧ ਮਾਤ੍ਰਿਕਾ' ਵੀ ਕਿਹਾ ਜਾਂਦਾ ਸੀ ਤੇ 'ਓਅੰ ਨਮੋ' 'ਓਨਮ' ਕਹਿਕੇ ਵੀ ਪੁਕਾਰਿਆ ਜਾਂਦਾ ਸੀ। ਗੁਰੂ ਸਾਹਿਬ ਨੇ ਇਸੇ ਦੇ ਅਧਾਰ ਤੇ ਹੀ ਇਸਦਾ ਨਾਮ 'ਓਅੰਕਾਰ' ਰੱਖਿਆ। 'ਕਾਰ' ਅੰਤ ਲਗਣ ਦੀ ਵਿਆਖਿਆ ਇਉਂ ਵੀ ਕੀਤੀ ਜਾ ਸਕਦੀ ਹੈ, ਜਿਵੇਂ ਚ ਨੂੰ 'ਚਕਾਰ' ਮ ਨੂੰ 'ਮਕਾਰ' ਕਹਿ ਕੇ ਬੁਲਾਇਆ ਜਾਂਦਾ ਹੈ ਤਿਵੇਂ ਵਿਦਵਾਨਾਂ ਓਅੰ ਨੂੰ 'ਓਅੰਕਾਰ' ਕਹਿ ਕੇ ਪੁਕਾਰਿਆ ਭਾਵੇਂ 'ਪਟੀ' ਵਾਂਙ ਇਸ ਵਿਚ 35 ਅੱਖਰ ਵੀ ਆ ਜਾਂਦੇ ਹਨ ਪਰ ਮਾਲੂਮ ਹੁੰਦਾ ਹੈ ਬਾਵਨ ਅੱਖਰੀ ਦੇ ਪੁਰਾਣੇ ਆਦਰਸ਼ ਅਨੁਸਾਰ ਪਹਿਲੇ ਮੁਹਾਰਨੀ ਦੀ ਸਾਂਝੀ ਸਤਰ ਦੇ ਸ੍ਵਰ ਹਨ ਤੇ ਫਿਰ ਵਿਅੰਜਨ ਅਤੇ ਅੰਤ ਵਿਚ ਸ਼ ਸ਼ ਸ ਹ ਨੂੰ ਵੀ ਕ੍ਰਮਵਾਰ ਰੱਖਿਆ ਗਿਆ ਹੈ। ਇਸ ਤੋਂ ਅਸੀਂ ਇਹ ਸਿੱਟਾ ਕੱਢਦੇ ਹਾਂ ਕਿ ਗੁਰਮੁਖੀ ਵਰਣਮਾਲਾ ਦਾ ਹੁਣ ਵਾਲਾ 35 ਅੱਖਰਾ ਢਾਂਚਾ ਇਸ ਰੂਪ ਵਿਚ ਨਹੀਂ ਸੀ, ਉਦੋਂ 52 ਅੱਖਰੇ ਢਾਂਚੇ ਮੁਤਾਬਿਕ ਭਾਰਤੀ ਲਿਪੀਆਂ ਚਲਦੀਆਂ ਸਨ।

ਓਅੰਕਾਰ ਬਾਣੀ ਦੇ ਛੰਦ ਇਸ ਅੱਖਰ ਕ੍ਰਮ ਅਨੁਸਾਰ ਹਨ:—

'ਓਅੰ ਨਮੋ ਸਿਧੰ' ਆਦਿ ਵਿਚ ਹੋਣ ਕਰਕੇ ੳ, ਸ, ਧ, ਙ, ਪਹਿਲੇ ਲਏ ਜਾਂਦੇ ਸਨ, ਫਿਰ ਸਾਂਝੀ ਸਤਰ ਤੇ ਵਿਅੰਜਨ। ਓਅੰਕਕਾਰ ਦੇ ਇਸ ਬਾਹਰਲੇ ਕਾਵਿਰੂਪ ਤੋਂ ਅਸੀਂ ਪੰਜਾਬੀ ਦੀ ਪੁਰਾਣੀ ਲਿਪੀ ਦੀ ਤਰਤੀਬ ਸਬੰਧੀ ਕਈ ਗੱਲਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਾਂ ਤੇ 'ਪਟੀ' ਨਾਮ ਦੀ ਗੁਰੂ ਨਾਨਕ ਤੇ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਅੱਖਰ ਕ੍ਰਮ ਨਾਲ ਮੇਲ ਕੇ ਇਸਨੂੰ ਹੋਰ ਵੀ ਵਿਸ਼ਲੇਸ਼ਨਾਤਮਕ ਦ੍ਰਿਸ਼ਟੀ ਨਾਲ ਵਿਚਾਰਿਆ ਜਾ ਸਕਦਾ ਹੈ।

ਜਿਥੋਂ ਤਕ ਇਸ ਬਾਣੀ ਦੀ ਵਿਚਾਰਧਾਰਾ ਦਾ ਸਬੰਧ ਹੈ ਉਸ ਬਾਰੇ ਸਪਸ਼ਟ ਦ੍ਰਿਸ਼ਟੀਕੋਣ ਜਾਣਨ ਲਈ ਰਹਾਉ ਦੀ ਤੁਕ ਧਿਆਨ-ਗੋਚਰੀ ਕਰਨੀ ਜ਼ਰੂਰੀ ਹੈ ਜੋ ਕਿ ਇਸਦਾ ਕੇਂਦਰੀ ਭਾਵ ਹੈ:—

ਸੁਣਿ ਪਾਂਡੇ ! ਕਿਆ ਲਿਖਹੁ ਜੰਜਾਲਾ।
ਲਿਖ ਰਾਮ ਨਾਮ ਗੁਰਮੁਖਿ ਗੋਪਾਲਾ।੧।ਰਹਾਉ।

ਇਸ ਤੋਂ ਅਸੀਂ ਤਿੰਨ ਸਿਟੇ ਕੱਢਦੇ ਹਾਂ ਪਹਿਲੀ ਗੱਲ ਇਹ ਕਿ ਇਹ ਅਧਿਆਪਕ ਨੂੰ ਸੰਬੋਧਨ ਕੀਤਾ ਗਿਆ ਹੈ, ਦੂਜੀ ਗੱਲ ਲਿਖਣ ਬਾਰੇ ਹੈ ਕਿ ਜੋ ਤੂੰ ਲਿਖਦਾ ਹੈਂ,ਠੀਕ ਨਹੀਂ। ਤੀਸਰੇ,ਠੀਕ ਲਿਖਤ ਰੱਬੀ ਨਾਮ ਦਾ ਲੇਖਨ ਹੈ। ਇਸ ਤੁਕ ਨੇ ਸਾਨੂੰ ਦੋ ਨਾਮ ਵੀ ਦਿਤੇ ਹਨ ਗੁਰਮੁਖਿ ਤੇ ਗੋਪਾਲ। ਸਾਡੇ ਇਤਿਹਾਸਕਾਰਾਂ ਗੁਰੂ ਜੀ ਦੇ ਪਹਿਲੇ ਅਧਿਆਪਕ ਦਾ ਨਾਮ ਇਸੇ ਤੋਂ ਕਲਪਿਆ ਜਾਪਦਾ ਹੈ ਜੋ ਕਿ ਵੈਸੇ ਕਿਸ 'ਜਨਮਸਾਖੀ' ਵਿਚ ਨਹੀਂ। ਇਸੇ ਤਰ੍ਹਾਂ 'ਗੁਰਮੁਖਿ—ਗੁਰਮੁਖੀ—ਨਾਮ ਵੀ ਇਥੋਂ ਹੀ ਪ੍ਰਚਲਤ ਹੋਇਆ ਪਰੰਤੂ ਇਥੇ ਦੋਹਾਂ ਸ਼ਬਦਾਂ ਤੋਂ ਇਹ ਭਾਵ ਨਹੀਂ। ਖ਼ੈਰ, ਗੱਲ ਸਪਸ਼ਟ ਹੈ ਕਿ ਉਸ ਜ਼ਮਾਨੇ ਪਾਂਡੇ ਜੋ ਅੱਖਰ ਲਿਖਣਾ ਸਿਖਾਉਂਦੇ ਸਨ ਉਹ ਅਧੂਰੀ ਵਿਦਿਆ ਸੀ। ਗੁਰੂ ਸਾਹਿਬ ਉਸ ਨਾਲ ਅਧਿਆਤਮ ਵਿਦਿਆ ਦਾਂ ਮੇਲ ਕਰਨਾ ਜ਼ਰੂਰੀ ਸਮਝਦੇ ਹਨ। ਰਚਨਾ ਦੀਆਂ ਅੰਤਲੀਆਂ ਸਤਰਾਂ ਵਿਚ ਸਾਰੀ ਵਿਚਾਰ ਦਾ ਤੱਤ ਕਢਦਿਆਂ ਫੇਰ ਕਿਹਾ ਹੈ ਕਿ ਉਹ ਅਧਿਆਪਕ ਯਾ ਪਾਂਧਾ ਅੱਛਾ ਨਹੀਂ ਜੋ ਚਾਰ ਪੈਸਿਆਂ ਵੱਟੇ ਵਿਦਿਆ ਵੇਚਦਾ ਤੇ ਲੋਕਾਂ ਨੂੰ ਪੁਠਾ ਗਿਆਨ ਪੜ੍ਹਾਉਂਦਾ ਹੈ। ਉਤਮ



www.AKJ.Org

ਅਧਿਆਪਕ ਉਹੋ ਹੈ ਜੋ ਜੀਵਨ ਦੇ ਰੂਹਾਨੀ ਪਹਿਲੂ ਨੂੰ ਵੀ ਅੱਖੋਂ ਉਹਲੇ ਨਹੀਂ ਹੋਣ ਦਿੰਦਾ, ਤੇ ਖੁਦ ਵੀ ਪ੍ਰਭੂ ਸਿਮਰਨ ਨੂੰ ਗਲ ਹਾਰ ਬਣਾ ਕੇ ਰਖਦਾ ਹੈ। ਇਹੋ ਸਚੀ ਪੱਟੀ (ਵਰਣਮਾਲਾ) ਹੈ ਤੇ ਇਹੋ ਸ਼ਬਦ ਵਿਦਿਆ ਦਾ ਨਿਚੋੜ।

ਪਾਧਾ ਪੜਿਆ ਆਖੀਐ,
ਬਿਦਿਆ ਬਿਚਰੈ ਸਹਜਿ ਸੁਭਾਇ।
ਬਿਦਿਆ ਸੋਧੈ ਤਤੁ ਲਹੈ,
ਰਾਮ ਨਾਮ ਲਿਵ ਲਾਇ।
ਮਨਮੁਖੁ ਬਿਦਿਆ ਬਿਕ੍ਰਦਾ,
ਬਿਖੁ ਖਟੇ ਬਿਖੁ ਖਾਇ।
ਮੂਰਖੁ ਸਬਦੁ ਨ ਚੀਨਈ,
ਸੂਝ ਬੂਝ ਨਹ ਕਾਇ।੫੩।
ਪਾਧਾ ਗੁਰਮੁਖਿ ਆਖੀਐ,
ਚਾਟੜਿਆ ਮਤਿ ਦੇਇ।
'ਨਾਮ ਸਮਾਲਹੁ ਨਾਮੁ ਸੰਗਰਹੁ,
ਲਾਹਾ ਜਗ ਮਹਿ ਲੇਇ।'
ਸਚੀ ਪਟੀ ਸਚੁ ਮਨਿ,
ਪੜੀਐ ਸਬਦੁ ਸੁ ਸਾਰੁ।
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ,
ਜਿਸੁ ਰਾਮ ਨਾਮੁ ਗਲਿ ਹਾਰੁ।੫੪।

ਸੋ ਇਹ ਆਦਿ ਅੰਤ ਵਿਚ ਆਏ ਬਚਨ ਇਸ ਗੱਲ ਨੂੰ ਸਪਸ਼ਟ ਕਰਨ ਲਈ ਕਾਫੀ ਹਨ ਕਿ ਗੁਰੂ ਸਾਹਿਬ ਚਲਦੀ ਵਿਦਿਆ ਪ੍ਰਣਾਲੀ ਵਿਚ ਅੱਖਰ ਸਿਖਿਆ ਦੇ ਤਾਂ ਹਾਮੀ ਸਨ ਪਰ ਇਸ ਰਾਹੀਂ ਜੋ ਗਿਆਨ ਪੜ੍ਹਾਇਆ ਜਾਂਦਾ ਸੀ, ਉਸ ਨਾਲ ਸੰਤੁਸ਼ਟ ਨਹੀਂ ਸਨ। ਉਹਨਾਂ ਦਾ ਵਿਚਾਰ ਸੀ ਕਿ ਮੁਢਲੀ ਵਿਦਿਆ ਵਿਚ ਹੀ ਉਹ ਪੜ੍ਹਾਏ ਜਾਣੇ ਜ਼ਰੂਰੀ ਹਨ ਜੋ ਮਨੁਖ ਦੇ ਅਧਿਆਤਮਕ ਨਿਸਚੇ ਤੇ ਸਦਾਚਾਰਕ ਨੀਹਾਂ ਨੂੰ ਮਜ਼ਬੂਤ ਕਰਦੇ ਹੋਣ।

ਹਰਿ ਪੜਣਾ ਹਰਿ ਬੁਝਣਾ,
ਹਰਿ ਸਿਉ ਰਖਹੁ ਪਿਆਰੁ।
ਹਰਿ ਜਪੀਐ ਹਰਿ ਧਿਆਈਐ,
ਹਰਿ ਕਾ ਨਾਮੁ ਆਧਾਰੁ।੫੧।

ਸਾਡੇ ਦੇਸ਼ ਵਿਚ ਆਤਮਕ ਕਲਿਆਣ ਲਈ ਤੰਤ੍ਰ ਜੰਤਰਾਂ ਦਾ ਲੇਖਨ, ਮੰਤਰਾਂ ਦਾ ਜਾਪ, ਕੁਝ ਧਰਮ-ਗ੍ਰੰਥਾਂ ਦਾ ਪਾਠ ਚੰਗਾ ਸਾਧਨ ਮੰਨਿਆ ਜਾਂਦਾ ਰਿਹਾ ਏ ਤੇ ਪੜ੍ਹੀ ਲਿਖੀ ਸ਼੍ਰੇਣੀ ਹੋਰ ਸਦਾਚਾਰਕ ਕਰਤਵਾਂ ਦੀ ਪਾਲਣਾ ਦੀ ਥਾਂ ਦਿਮਾਗੀ ਚੁੰਚ ਗਿਆਨ ਨੂੰ ਕਾਫੀ ਥਾਂ ਦਿੰਦੀ ਆਈ ਹੈ। ਇਹ ਚੁੰਚ ਚਰਚਾ ਸਿਦਕ ਤੇ ਵਿਸ਼ਵਾਸ਼ ਦੀ ਜੜ ਲਗਣ ਨਹੀਂ ਦਿੰਦੀ। ਇਸ ਕਰਕੇ ਗੁਰੂ ਸਾਹਿਬ ਇਸ ਫੋਕੀ ਚਰਚਾ ਨੂੰ ਪਸੰਦ ਨਹੀਂ ਕਰਦੇ। ਉਹ ਇਹ ਤਾਂ ਚਾਹੁੰਦੇ ਹਨ ਕਿ ਪੜ੍ਹਨ ਵਾਲੇ ਦੀ ਸੂਝ ਬੂਝ ਵਿਚ ਵਾਧਾ ਹੋਵੇ ਪਰ ਉਹ ਇਸ ਗੱਲ ਦੇ ਜ਼ੋਰ ਦਿੰਦੇ ਹਨ ਕਿ ਇਸ ਸੂਝ ਬੂਝ ਦੁਆਰਾ ਔਗੁਣਾਂ ਦਾ ਤਿਆਗ ਤੇ ਗੁਣਾਂ ਦਾ ਗ੍ਰਹਿਣ ਇਕ ਅਸਲੀ ਕੰਮ ਹੈ, ਜੋ ਪੜ੍ਹਾਕੂ-ਜਮਾਤ ਆਮ ਤੌਰ ਤੇ ਨਹੀਂ ਕਰਦੀ।

ਓਅੰਕਾਰ ਤੋਂ ਇਲਾਵਾ ਪਾਂਧਾ ਜਮਾਤ ਸੰਬੰਧੀ ਗੁਰੂ ਜੀ ਦੇ ਵਿਚਾਰ ਇਸੇ ਤਰ੍ਹਾਂ ਦੇ ਹਨ, ਚਾਹੇ ਉਹ ਜੋਤਸ਼ੀ ਹਨ ਚਾਹੇ ਕਥਾ ਵਾਚਕ ਯਾ ਅਧਿਆਪਕ:–

'ਗਣਿ ਗਣਿ ਜੋਤਕੁ ਕਾਂਡੀ ਕੀਨੀ।
ਪੜੈ ਸੁਣਾਵੈ ਤਤੁ ਨ ਬੀਨੀ।
ਸਭਸੈ ਉਪਰਿ ਗੁਰਸਬਦ ਬੀਚਾਰੁ।
ਹੋਰ ਕਥਨੀ ਬਦਉ ਨ ਸਗਲੀ ਛਾਰੁ।
ਇਕ ਪਾਧੇ ਪੰਡਿਤ ਮਿਸਰ ਕਹਾਵਹਿ।
ਦੁਬਿਧਾ ਰਾਤੇ ਮਹਲੁ ਨ ਪਾਵਹਿ।'
[ਰਾਮਕਲੀ

ਮੁਢ ਵਿਚ ਗੁਰੂ ਸਾਹਿਬ ਮੰਗਲਾਚਰਣ ਕਰਦੇ ਹੀ ਇਹ ਗੱਲ ਦ੍ਰਿੜ ਕਰਾਉਂਦੇ ਹਨ ਕਿ ਕੋਈ ਦੇਵਤਾ ਸਿਰਜਣਹਾਰ ਨਹੀਂ। ਓਅੰਕਾਰ ਯਾ ਪਰਮੇਸ਼ਰ ਹੀ ਮਹਾਨ ਸੱਤਾ ਹੈ ਜੋ ਬ੍ਰਹਮਾ ਤੇ ਤਮਾਮ ਗਿਆਨ ਗ੍ਰੰਥਾਂ ਤਕ ਨੂੰ ਸਿਰਜਣ ਵਾਲੀ ਹੈ। ਇਸ ਲਈ ਉਸੇ ਦਾ ਭਰੋਸਾ ਮਨੁਖ ਨੂੰ ਤਾਰ ਸਕਦਾ ਹੈ। ਇਹ 'ਓਅੰ' ਅੱਖਰ ਤਿੰਨਾਂ ਭਵਣਾਂ ਦਾ ਮੂਲ ਹੈ ਤੇ ਇਹ ਸ੍ਰਿਸਟੀ ਉਸ ਮੂਲ ਤੋਂ ਨਿਆਰੀ ਨਹੀਂ। ਇਸ ਲਈ ਮੂਲ ਦੀ ਪਛਾਣ ਨਿਹਾਇਤ ਜ਼ਰੂਰੀ ਹੈ।



www.AKJ.Org

ਸਤਿਗੁਰੂ ਪਲਾਇਨਵਾਦੀ ਵਿਚਾਰਧਾਰਾ ਦੇ ਹਮਾਇਤੀ ਨਹੀਂ ਕਿ ਸੰਸਾਰ ਨੂੰ ਤ੍ਰਿਸਕਾਰ ਕੇ ਮਨੁਖ ਦਾ ਖੋਜ ਖੇਤਰ ਕੋਈ ਹੋਰ ਨਿਸਚਿਤ ਕਰਦੇ ਹੋਣ। ਉਹ ਤਾਂ ਪਹਿਲੇ ਹੀ ਇਹ ਗੱਲ ਆਖਦੇ ਹਨ ਕਿ ਸੰਸਾਰ ਮਾਣਕ ਮੋਤੀਆਂ ਨਾਲ ਭਰਪੂਰ ਹੈ। ਪੜ੍ਹਨ ਦਾ ਅਰਥ ਕੇਵਲ ਸੂਝ ਬੂਝ ਵਿਚ ਵਾਧਾ ਮਾਤਰ ਨਹੀਂ ਸਗੋਂ ਇਸ ਦੁਆਰਾ ਸਤ ਤੇ ਅਸੱਤ ਦੀ ਪਛਾਣ ਜ਼ਰੂਰੀ ਹੈ ਤੇ ਫਿਰ ਸੱਚ ਧਰਮ ਦਾ ਮਾਰਗ ਅਪਣਾਉਣਾ ਜ਼ਿੰਦਗੀ ਦਾ ਪਰਮ ਕਰਤੱਵ ਹੈ।

ਸਸੈ ਸਭੁ ਜਗੁ ਸਹਜਿ ਉਪਾਇਆ,
ਤੀਨ ਭਵਨ ਇਕ ਜੋਤੀ।
ਗੁਰਮੁਖਿ ਵਸਤੁ ਪਰਾਪਤਿ ਹੋਵੈ,
ਚੁਣਿ ਲੈ ਮਾਨਕ ਮੋਤੀ।੧।
ਸਮਝੈ ਸੂਝੈ ਪੜਿ ਪੜਿ ਬੂਝੈ,
ਅੰਤਿ ਨਿਰੰਤਰਿ ਸਾਚਾ।
ਗੁਰਮੁਖਿ ਦੇਖੈ ਸਾਚੁ ਸਮਾਲੇ,
ਬਿਨੁ ਸਾਚੇ ਜਗੁ ਕਾਚਾ।੨।
ਧਧੈ ਧਰਮ ਧਰੇ ਧਰਮਾਪੁਰਿ,
ਗੁਣਕਾਰੀ ਮਨੁ ਧੀਰਾ।
ਧਧੈ ਧੂਲਿ ਪੜੈ ਮੁਖਿ ਮਸਤਕਿ,
ਕੰਚਨ ਭਏ ਮਨੂਰਾ।੩।

ਸਾਰੇ 'ਓਅੰਕਾਰ' ਵਿਚ ਇਹੋ ਸੁਰ ਉਚੀ ਸੁਣਾਈ ਦਿੰਦੀ ਹੈ ਕਿ ਅਧਿਐਨ ਬਾਦ 'ਕਰਣੀ' ਦਾ ਕਿਹੜਾ ਰਾਹ ਅਪਨਾਉਣਾ ਠੀਕ ਹੈ। ਵੈਸੇ ਇਕੱਲਾ ਅੱਖਰੀ ਗਿਆਨ ਕਿਸ ਕੰਮ। ਜੋ ਲੋਕ ਪੜ੍ਹ ਕੇ ਦ੍ਵੈਤਵਾਦ ਦੇ ਰਸਤੇ ਭਟਕੇ ਰਹਿੰਦੇ ਹਨ ਤੇ ਅਹੰਕਾਰ ਵਿਚ ਆਪਣਾ ਆਪ ਖੋਈ ਬਹਿੰਦੇ ਹਨ, ਉਹਨਾਂ ਤਾਂ ਗਿਆਨ ਗਵਾ ਲਿਆ। ਸੋ ਅਸਲ ਪੜ੍ਹਾਈ ਦਾ ਦ੍ਵੈਤ ਵਲੋਂ ਅਦ੍ਵੈਤ ਵਲ ਮੂੰਹ ਮੋੜਨਾ ਹੈ। ਜੋ ਪੁਠੇ ਤੁਰ ਪਏ, ਉਨ੍ਹਾਂ ਮਾਰਗ ਦਾ ਭੇਦ ਨਹੀਂ ਪਾਇਆ।

ਧਿਆਨ ਗਵਾਇਆ ਦੂਜਾ ਭਾਇਆ,
ਗਰਬਿ ਗਲੇ ਬਿਖੁ ਖਾਇਆ।
ਗੁਰ ਰਸੁ ਗੀਤ ਬਾਦ ਨਹੀ ਭਾਵੈ,
ਸੁਣੀਐ ਗਹਰ ਗੰਭੀਰ ਗਵਾਇਆ।

ਉਹ ਅਦ੍ਵੈਤ ਦਾ ਸਿਧਾਂਤ ਕੀ ਹੈ, ਕੀ ਉਸ ਵਿਚ ਮਨੁਖੀ ਵਿਖੇਵਿਆਂ ਤੇ ਮਜ਼੍ਹਬੀ ਭਿੰਨ ਭੇਦਾਂ ਦੀ ਗੁੰਜਾਇਸ਼ ਹੈ? ਗੁਰੂ ਸਾਹਿਬ ਦਾ ਜਵਾਬ ਹੈ, ਨਹੀਂ, ਆਪ ਕਹਿੰਦੇ ਹਨ:—

ਏਕੁ ਆਚਾਰ, ਰੰਗ ਇਕੁ ਰੂਪ।
ਪਉਣ ਪਾਣੀ ਅਗਨੀ ਅਸਰੂਪ।
ਏਕੋ ਭਵਰੁ ਭਾਵੈ ਤਿਹੁ ਲੋਇ।
ਏਕੋ ਬੂਝੈ ਸੂਝੈ ਪਤਿ ਹੋਇ।
ਇਸ ਏਕੇ ਕਾ ਜਾਣੈ ਭੇਉ।
ਆਪੇ ਕਰਤਾ ਆਪੇ ਦੇਉ।

ਉਹ ਅਦ੍ਵੈਤ ਹਸਤੀ, ਓਅੰਕਾਰ ਹੈ, ਉਹ ਸਭ ਵਿਚ ਹੈ ਤੇ ਸਭ ਕੁਝ ਉਸੇ ਵਿਚ ਹੈ, ਉਸ ਤੋਂ ਭਿੰਨ ਕੁਝ ਵੀ ਨਹੀਂ।

ਕੁਝ ਲੋਕ ਏਕਵਾਦ ਦਾ ਰੌਲਾ ਤਾਂ ਪਾਉਂਦੇ ਹਨ ਪਰ ਉਨ੍ਹਾਂ ਏਕਤਾਵਾਦੀ ਦੀ ਸਹੀ ਪਛਾਣ ਨਹੀਂ ਕੀਤੀ। 'ਮੈਂ ਬ੍ਰਹਮ ਹਾਂ' ਆਖਣ ਵਾਲੇ ਝੂਠੇ ਅਹੰਕਾਰ ਨਾਲ ਭਰੇ ਹੋਏ ਹਨ। ਜੇ ਕੋਈ ਆਦਮੀ ਆਪਣੇ ਆਪ ਨੂੰ ਦੂਜਿਆਂ ਨਾਲੋਂ ਗਿਆਨ ਯਾ ਆਚਾਰ ਵਿਚ ਵਡੇਰਾ ਸਮਝਦਾ ਹੋਵੇ ਤਾਂ ਉਸਦਾ ਅਰਥ ਸਾਫ ਹੈ ਕਿ ਉਹ ਅਦ੍ਵੈਤ ਦੇ ਸਿਧਾਂਤ ਨੂੰ ਸਹੀ ਤਰ੍ਹਾਂ ਨਹੀਂ ਜਾਣ ਸਕਿਆ ਅਤੇ ਨਾਹੀ ਉਹ ਇਸਨੂੰ ਅਮਲੀ ਤੌਰ ਤੇ ਪਰਵਾਣ ਕਰਦਾ ਹੈ। ਖਾਲੀ ਜ਼ਬਾਨੀ ਜ਼ਬਾਨੀ 'ਅਹੰ ਬ੍ਰਹਮ ਅਸਮਿ' ਯਾ 'ਬ੍ਰਹਮ ਸਤਯੰ ਜਗਤ ਮਿਥਯਾ' ਕਹਿਣ ਮਾਤਰ ਨਾਲ ਨਿਪਟਾਰਾ ਨਹੀਂ ਹੋ ਜਾਂਦਾ, ਇਸ ਅਨੁਸਾਰ ਜ਼ਿੰਦਗੀ ਦਾ ਅਮਲ ਜ਼ਰੂਰੀ ਹੈ। ਭਾਰਤੀ ਲੋਕ ਇਸ ਕਿਸਮ ਦਾ ਦਾਰਸ਼ਨਿਕ ਗਿਆਨ ਛਾਂਟਦੇ ਹੋਏ ਵੀ ਜਾਤ ਪਾਤ ਤੇ ਵਰਣ ਮਰਯਾਦਾ ਵਿਚ ਬਰਾਬਰੀ ਦੇ ਭਾਵ ਨਹੀਂ ਸੀ ਰਖਦੇ। ਇਸੇ ਲਈ ਗੁਰੂ ਜੀ ਕਹਿੰਦੇ ਹਨ:

ਏਕੋ ਏਕੁ ਕਹੈ ਸਭੁ ਕੋਈ,
ਹਉਮੈ ਗਰਬੁ ਵਿਆਪੈ।
ਅੰਤਰਿ ਬਾਹਰਿ ਏਕੁ ਪਛਾਣੈ
ਇਉ ਘਰੁ ਮਹਲੁ ਸਿਞਾਪੈ।੫।

ਸੋ ਇਜੇਹੇ ਲੋਕ ਕਿਤਾਬੀ ਗਿਆਨ ਤੋਂ ਅੱਗੇ


www.AKJ.Org

ਜਾਣ-ਜੋਗੇ ਨਹੀਂ । ਇਹ ਗਿਆਨ ਕੀ ਹੋਇਆ ਜੇਕਰ ਅਮਲ ਵਿਚ ਆਕੇ ਇਸ ਨੇ ਜੀਵਨ ਪਰਿਵਰਤਨ ਨ ਕੀਤਾ :—

ਗਣਤ ਗਣਾਵੈ ਅਖਰੀ, ਅਗਣਤੁ ਸਾਚਾ ਸੋਇ ।
ਅਗਿਆਨੀ ਮਤਿ ਹੀਣੁ ਹੈ,
ਗੁਰੂ ਬਿਨੁ ਗਿਆਨੁ ਨ ਹੋਇ ।

ਇਹੋ ਕਾਰਣ ਹੈ ਕਿ ਉਹਨਾਂ ਮਨੁਖ ਦੇ ਆਪਣੇ ਅੱਖਰੀ ਗਿਆਨ ਅੰਤਮ ਨਹੀਂ ਮੰਨਿਆ ਸਗੋਂ 'ਗੁਰੂ ਗਿਆਨ' ਨੂੰ ਦਸਿਆ ਹੈ । ਗੁਰੂ ਗਿਆਨ ਵੀ ਇਸ ਲਈ ਅਮਰ ਤੇ ਥਿਰ ਰਹਿਣ ਵਾਲਾ ਆਖਿਆ ਹੈ ਕਿਉਂਕਿ ਉਸਦੀ ਅਗਵਾਈ ਧਰਮ ਜੋਤਿ ਕਰਦੀ ਹੈ, 'ਸਤਿਗੁਰ ਵਿਚ ਆਪਿ ਰਖਓਨੁ' ਦਾ ਇਹੋ ਭਾਵ ਹੈ । ਦੂਜੇ ਪਾਸੇ 'ਕਾਚੇ ਗੁਰ ਤੇ ਮੁਕਤਿ ਨ ਹੂਆ' ਦੀ ਨਸੀਅਤ ਹੈ ਕਿਉਂਕਿ ਉਹ ਥਿਰ ਨਹੀਂ । ਸਥਾਈ ਵਿਚਾਰਧਾਰਾ ਗੁਰ ਵਿਚਾਰਧਾਰਾ ਹੈ—

ਥਿਰੁ ਨਾਰਾਇਣੁ ਥਿਰੁ ਗੁਰੂ,
ਥਿਰੁ ਸਾਚਾ ਬਿਚਾਰੁ ।੩੪।

ਇਹ ਵਿਚਾਰਧਾਰਾ ਸੰਜੋਗ ਰਚਾਉਣ ਵਾਲੀ ਹੈ, ਟੁਟਿਆ ਨੂੰ ਜੋੜਨ ਵਾਲੀ ਹੈ । ਇਹ ਮਨੁਖਾਂ ਮਨੁਖਾ ਨੂੰ ਵੀ ਮਿਲਾਉਂਦੀ ਹੈ ਤੇ ਅੰਤ ਰੱਬ ਨਾਲ ਵੀ ਮੇਲ ਕਰਦੀ ਹੈ ।

ਟੂਟੈ ਗੰਠਿ ਪੜੈ ਵੀਚਾਰਿ ।
ਗੁਰਸਬਦੀ ਘਰਿ ਕਾਰਜੁ ਸਾਰਿ ।੨੮।

ਹੁਣ ਵਿਚਾਰਨ ਯੋਗ ਮਸਲਾ ਇਹ ਹੈ ਕਿ ਇਸ ਗੁਰੂ ਵਿਚਾਰਧਾਰਾ ਦਾ ਕੇਂਦਰ ਬਿੰਦੂ ਕਿਹੜੀ ਗੱਲ ਹੈ, ਇਸ ਬਾਰੇ ਸਤਿਗੁਰੂ ਬਿਲਕੁਲ ਸਪਸ਼ਟ ਹਨ ਕਿ ਰੱਬੀ ਵਿਸ਼ਵਾਸ਼ ਬੁਨਿਆਦੀ ਚੀਜ਼ ਹੈ, ਇਸੇ ਦੇ ਆਦਰਸ਼ ਤੇ ਉਚ ਆਚਾਰ ਦੀ ਉਸਾਰੀ ਹੁੰਦੀ ਹੈ । ਜੋ ਲੋਕ ਕੇਵਲ ਸਦਾਚਾਰਵਾਦੀ ਹਨ ਤੇ ਰੱਬੀ ਭਰੋਸੇ ਦੀ ਲੋੜ ਨਹੀਂ ਸਮਝਦੇ, ਉਹਨਾਂ ਨਾਲ ਉਹ ਸਹਿਮਤ ਨਹੀਂ, ਉਹ ਕਹਿੰਦੇ ਹਨ :—

ਕਰਿ ਆਚਾਰੁ ਸਚੁ ਸੁਖੁ ਹੋਈ ।
ਨਾਮ ਵਿਹੂਣਾ ਮੁਕਤ ਕਿਵ ਹੋਈ ।੧੫।

ਏਸ ਭਰੋਸੇ ਨੂੰ ਮਜ਼ਬੂਤ ਕਰਨ ਲਈ ਆਪ ਨੇ ਇਥੋਂ ਤਕ ਵੀ ਕਹਿ ਦਿਤਾ ਹੈ ਕਿ ਗੁਰੂ ਗਿਆਨ ਜੋ ਆਦੇਸ਼ ਦਿੰਦਾ ਹੈ, ਉਹ ਮੰਨਣ ਯੋਗ ਹੈ, ਉਸ ਨੂੰ ਛੱਡ ਕੇ ਹੋਰ ਕੁਝ ਵੀ ਮੰਨਣ ਯੋਗ ਨਹੀਂ ।

ਗੁਰੁ ਸਾਗਰੁ ਰਤਨੀ ਨਹੀ ਤੋਟਿ ।
ਲਾਲ ਪਦਾਰਥ ਸਾਚੁ ਅਖੋਟੁ ।
ਗੁਰਿ ਕਹਿਆ ਸਾ ਕਾਰ ਕਮਾਵਹੁ ।
ਗੁਰ ਕੀ ਕਰਣੀ ਕਾਹੇ ਧਾਵਹੁ ।

ਇਸ ਦਾ ਭਾਵ ਇਹ ਹੈ ਕਿ ਗੁਰੂ ਦੇ ਚੋਜ ਰੱਬੀ ਹੁਕਮ ਵਿਚ ਕਈ ਭਾਂਤ ਦੇ ਹੋ ਸਕਦੇ ਹਨ, ਪਰ ਜਗਿਆਸੂ ਲਈ ਗੁਰੂ ਦੀ ਵਿਚਾਰਧਾਰਾ ਹੀ ਆਦਰਸ਼ ਹੋਣੀ ਚਾਹੀਦੀ ਹੈ ।

ਦੈਵੀ ਵਿਸ਼ਵਾਸ਼ ਨਾਲ ਸ਼ਰੇਸ਼ਟ ਇਖ਼ਲਾਕੀ ਗੁਣਾਂ ਨੂੰ ਗ੍ਰਹਿਣ ਕਰਨ ਉਤੇ ਵੀ ਬਰਾਬਰ ਜ਼ੋਰ ਹੈ । ਇਸ ਤੋਂ ਬਿਨਾਂ ਭਗਤੀ ਸੰਪੂਰਨ ਨਹੀਂ ਹੁੰਦੀ । ਗੁਰੂ ਦੀ ਸਖ਼ਸ਼ੀਅਤ ਦਾ ਪ੍ਰਭਾਵ ਹੀ ਇਹ ਹੈ ਜੋ ਔਗੁਣਾਂ ਨੂੰ ਦਬਾਉਂਦਾ ਤੇ ਗੁਣਾਂ ਨੂੰ ਉਭਾਰਦਾ ਹੈ ।

ਜਿਸੁ ਗੁਰੂ ਮਿਲੈ ਤਿਸੁ ਪਾਰਿ ਉਤਾਰੈ ।
ਅਵਗਣ ਮੇਟੈ ਗੁਣਿ ਨਿਸਤਾਰੈ ।੩੯।

ਸ੍ਰੇਸ਼ਟ ਆਚਾਰ ਦੀ ਕਮਾਈ ਮਨੁਖ ਨੂੰ ਉਚੀ ਸੂਝ ਪ੍ਰਦਾਨ ਕਰਦੀ ਹੈ, ਕੇਵਲ ਕਿਤਾਬੀ ਗਿਆਨ ਇਹ ਕੰਮ ਨਹੀਂ ਸਾਰਦਾ ।

ਗੁਣ ਦਾਤਾ ਵਿਰਲਾ ਸੰਸਾਰਿ ।
ਸਾਚੀ ਕਰਣੀ ਗੁਰ ਵੀਚਾਰਿ ।
ਗੁਣ ਵੀਚਾਰੇ ਗਿਆਨੀ ਸੋਇ ।
ਗੁਣ ਮਹਿ ਗਿਆਨ ਪਰਾਪਤਿ ਹੋਇ ।
ਗੁਣਵੰਤੀ ਗੁਣ ਸਾਰੇ ਨੀਤ ।
ਨਾਨਕ ਗੁਰਮਤਿ ਮਿਲੀਐ ਮੀਤ ।੧੭।

ਸੋ ਸਿਧ ਹੋਇਆ ਕਿ ਧਰਮ ਦੀ ਕਮਾਈ ਲਈ ਰੱਬੀ ਭਰੋਸਾ ਤੇ ਉਚ ਆਚਾਰ ਦੋਵੇਂ ਜ਼ਰੂਰੀ ਹਨ । ਸ੍ਰੇਸ਼ਟ ਆਚਾਰ ਬਣਾਉਣ ਲਈ ਔਗੁਣਾਂ ਦਾ ਤਿਆਗ ਤੇ ਗੁਣਾਂ ਦਾ ਗ੍ਰਹਿਣ ਬੜਾ ਹੀ ਜ਼ਰੂਰੀ ਹੈ । ਬਾਹਰੀ ਭੇਖ ਮਾਤਰ ਨਾਲ ਧਰਮ ਨਹੀਂ ਕਮਾਇਆ ਜਾ ਸਕਦਾ ।

(ਚਲਦਾ)



www.AKJ.Org

# * ਗੁਰਮਤਿ ਵਿਚ ਆਏ ਹੋਏ ਦੀ ਪਹਿਚਾਨ *

(ਵਲੋਂ :–ਪ੍ਰਿੰ: ਮੇਹਰ ਸਿੰਘ ਜੀ, ਡੇਹਰਾਦੂਨ (ਯੂ. ਪੀ.)

ਗੁਰਮਤਿ ਜੈਸੇ ਮਿਠੇ ਸ਼ਬਦ ਦਾ ਭਾਵ ਤਾਂ ਉਹ ਹੀ ਜਾਨ ਸਕਦੇ ਹਨ ਜੋ ਇਸ ਤੇ ਚਲਦੇ ਹਨ ਤੇ ਆਪਣੀ ਕਮਾਈ ਦਾ ਆਧਾਰ ਇਸ ਨੂੰ ਸਮਝਦੇ ਹਨ । ਗੁਰੂ ਦੀ ਸਿਖਿਆ ਨੂੰ ਉਸ ਨੂੰ ਮਨਣਾ ਹੀ ਗੁਰਸਿਖ ਦਾ ਗੁਰੂ-ਮੁਖ ਹੋਣਾ ਕਹਿਲਾਉਂਦਾ ਹੈ। ਆਪਣੀ ਮਤ ਦਾ ਤਿਆਗ ਗੁਰੂ ਦੀ ਬਖਸ਼ਿਸ਼ ਦੀ ਪ੍ਰਾਪਤੀ ਦਾ ਪਹਿਲਾ ਜ਼ੀਨਾ (ਸੀੜ੍ਹੀ) ਹੈ। ਗੁਰੂਵਾਕ ਅਨੁਸਾਰ:–

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ।
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ।

ਗੁਰੂ ਤੇ ਸਿਖ ਦਾ ਰਿਸ਼ਤਾ ਇਕ ਬੜਾ ਉਤਮ, ਗੈਹਰਾ ਤੇ ਸਮਝਨ ਯੋਗ ਹੈ। ਇਹ ਰਿਸ਼ਤਾ ਮਾਂ ਤੇ ਪੁਤਰ ਦੇ ਰਿਸ਼ਤੇ ਨਾਲੋਂ ਵੀ ਗੰਭੀਰ ਮਨਿਆ ਗਿਆ ਹੈ। ਦੁਨਿਆਵੀ ਤੱਅਲਕਾਂ ਕਰਕੇ ਮਾਪੇ ਕਦੀ ਕਦੀ ਬਚੇ ਤੇ ਕ੍ਰੋਧਿਤ ਹੋ ਕੇ ਐਸਾ ਵੀ ਕਰਦੇ ਹਨ ਕਿ ਉਸ ਤੋਂ ਤਅੱਲਕ ਤੋੜ ਕੇ ਉਸਦੇ ਫੇਰ ਲਵੇ ਵੀ ਨਹੀਂ ਲਗਦੇ ਤੇ ਪੁਤਰ ਦੀ ਬਦਨਾਮੀ ਕਰਦੇ ਹਨ। ਉਹਨਾਂ ਦਾ ਭਾਵ ਦੁਨੀਆਂ ਨੂੰ ਇਹ ਦਸਨਾ ਹੁੰਦਾ ਹੈ ਕਿ ਉਹ ਸਚੇ ਹਨ। ਪਰ ਗੁਰੂ ਦੇ ਪਿਆਰ ਦੀ ਮਿਸਾਲ ਸਾਹਿਬ ਦਸ਼ਮੇਸ਼ ਪਿਤਾ ਜੀ ਨੇ ਭਾਈ ਜੋਗਾ ਜੀ ਵਾਸਤੇ ਵੇਸਵਾ ਦੇ ਦਰਵਾਜ਼ੇ ਤੇ ਪਹਿਰਾ ਦੇ ਕੇ ਦਨੀਆਂ ਅਗੇ ਪੇਸ਼ ਕੀਤੀ ਹੈ। ਹੋਰ ਗੁਰੂ ਸਾਹਿਬਾਨ ਦੇ ਜੀਵਨ ਤੋਂ ਵੀ ਪਤਾ ਲਗਦਾ ਹੈ ਕਿ ਉਹਨਾਂ ਨੇ ਆਪਣਾ ਆਪ ਤੇ ਅਪਣਾ ਸਰਬੰਸ ਵਾਰਨ ਤੋਂ ਵੀ ਦਰੇਗ ਨਹੀਂ ਕੀਤਾ। ਇਹ ਸਭ ਕੁਛ ਕਿਸ ਲਈ ? ਕੇਵਲ ਅਪਣੇ ਸਿਖਾਂ ਲਈ। ਸਿਖੀ ਦੀ ਇਮਾਰਤ ਬਨਾਉਣ ਵਾਸਤੇ ਗੁਰੂ ਸਾਹਿਬਾਨ ਨੇ ਅਪਣਾ ਅਪਣਾ ਹਿਸਾ ਪਾਇਆ ਤੇ ਆਪਣੇ ਬਚਿਆਂ ਦਾ ਖ਼ੂਨ ਵੀ ਨੀਹਾਂ ਵਿਚ ਪਾ ਕੇ ਸਿਖੀ ਇਮਾਰਤ ਨੂੰ ਪਕਿਆਂ ਕੀਤਾ। ਇਹ ਹੈ ਇਸ਼ਾਰੇ ਮਾਤਰ ਗੁਰੂ ਤੇ ਸਿਖ ਵਲੋਂ ਗਰੂ ਤੇ ਸਿਖ ਦੇ ਰਿਸ਼ਤੇ ਦਾ ਸਬੂਤ !

ਵਸ ਆਇਆ ਪਿਰ ਛੋੜ ਨਾ ਜਾਈ
ਇਹ ਗੀਤ ਭਲੀ ਭਗਵੰਤੇ।

ਗੁਰੂ ਕਿਸੇ ਹਾਲਤ ਵਿਚ ਵੀ ਸਿਖ ਨੂੰ ਕਿਸੇ ਕਿਸਮ ਦੀ ਔਕੜ ਵਿਚ ਨਹੀਂ ਵੇਖ ਸਕਦਾ।

ਮਜ਼ਮੂਨ ਤੋਂ ਦੂਰ ਨਾ ਜਾਂਦਾ ਹੋਇਆ ਸਾਧ ਸੰਗਤ ਦੀ ਬਖਸ਼ੀ ਹੋਈ ਬੁਧੀ ਅਨੁਸਾਰ ਇਹ ਕਹਿਣਾ ਉਚਿਤ ਸਮਝਦਾ ਹਾਂ ਕਿ ਗੁਰਮਤਿ ਵਿਚ ਆਏ ਹੋਏ ਦੀ ਪਹਿਲੀ ਪਹਿਚਾਨ ਇਹ ਹੈ ਕਿ ਜਦੋਂ ਉਸਨੂੰ ਗੁਰਮਤਿ ਦੀ ਗਲ ਦਸੀ ਜਾਵੇ ਤਾਂ ਕੀ ਉਹ ਧਿਆਨ ਨਾਲ ਸੁਣਦਾ ਹੈ, ਉਸਤੇ ਨੁਕਤਾਚੀਨੀ ਤੇ ਨਹੀਂ ਸ਼ੁਰੂ ਕਰ ਦੇਂਦਾ ਅਤੇ ਸੁਣਨ ਪਿਛੋਂ ਕੀ ਉਹ ਉਸ ਤੇ ਅਮਲ ਕਰਨ ਦਾ ਉਪਰਾਲਾ ਵੀ ਕਰਦਾ ਹੈ ਕਿ ਨਹੀਂ? ਜੇ ਉਹ ਆਪਣੇ ਅੰਦਰਲੇ ਮਨ ਨਾਲ ਸੁਣ ਰਿਹਾ ਹੈ ਤਾਂ ਸਮਝੋ ਕਿ ਉਸ ਅੰਦਰ ਗੁਰਮਤਿ ਦਾ ਪਿਆਰ ਜਾਗ ਰਿਹਾ ਹੈ।

ਭਾਵੇਂ ਅਸੀਂ ਸੌ ਫੀ ਸਦੀ ਪਕਾ ਅੰਦਾਜ਼ਾ ਨਹੀਂ ਲਗਾ ਸਕਦੇ ਫੇਰ ਵੀ ਅਨੁਭਵ ਦੇ ਮੁਤਾਬਕ ਦੂਜੀ ਪਹਿਚਾਨ ਉਸਦੀ ਇਹ ਹੈ ਕਿ ਉਸਦੇ ਵਿਚਾਰ ਦੇ ਦਾਇਰੇ ਨੂੰ ਦੇਖੋ। ਜੇ ਉਸਦਾ ਦਾਇਰਾ ਵਿਸ਼ਾਲ ਹੈ ਤਾਂ ਉਹ ਉਚੀ ਬਿਰਤੀ ਦਾ ਮਾਲਕ ਹੋ ਸਕਦਾ ਹੈ ਅਤੇ ਜੇ ਉਸਦੇ ਵਿਚਾਰ ਦਾ ਦਾਇਰਾ ਸੰਕੁਚਿਤ ਹੈ ਤੇ ਉਹ ਅਜੇ ਗੁਰਮਤਿ ਤੇ ਚਲਣਾ ਨਹੀਂ ਸਿਖਿਆ। ਉਹ ਅਜੇ ਗੁਰਮਤਿ ਤੋਂ ਦੂਰ ਹੀ ਹੈ।

ਤੀਜੀ ਪਹਿਚਾਨ ਇਹ ਕਹੀ ਜਾ ਸਕਦੀ ਹੈ ਕਿ ਜੇ ਉਹ ਆਪਣੇ ਵਿਚਾਰ ਦੂਜਿਆਂ ਤੇ ਠੋਸਨਾ ਚਾਹੁੰਦਾ ਹੈ ਤਾਂ ਉਹ ਗੁਰਮਤਿ ਦਾ ਜਾਨੂੰ ਨਹੀਂ ਤੇ ਉਸਦੀ ਬਿਰਤੀ ਉਚੀ ਨਹੀਂ ਹੋ ਸਕਦੀ, ਜਬਰੀ ਪਾਲਸੀ ਨਾਲ ਤਾਂ ਕੋਈ ਵੀ ਕਿਸੇ ਨੂੰ ਨਹੀਂ ਮਨਾ ਸਕਦਾ। ਚੌਥੀ ਪਹਿਚਾਨ ਉਸਦੇ ਸੁਭਾਵ ਦੀ ਪਰਖ ਹੈ। ਜੇ ਉਸਦੇ ਮਨ ਵਿਚ ਨਿਮ੍ਰਤਾ ਤੇ ਗਰੀਬੀ ਹੈ ਤਾਂ ਉਸਦੀ



www.AKJ.Org

ਬਿਰਤੀ ਸਾਫ ਤੇ ਉਚੀ ਕਹੀ ਜਾ ਸਕਦੀ ਹੈ ਨਹੀਂ ਤੇ ਅਜੇ ਉਹ ਪਿਛੇ ਹੀ ਹੈ। ਗੁਰਮਤਿ ਵਿਚ ਆਉਣ ਦਾ ਸਬੂਤ ਇਹ ਹੀ ਹੈ ਕਿ ਸਿਖ ਦੇ ਮਨ ਵਿਚ ਗਰੀਬੀ ਆ ਜਾਂਦੀ ਹੈ। ਗਰੀਬੀ ਤੋਂ ਭਾਵ ਆਜ਼ਜ਼ੀ ਤੇ ਨਿਮਰਤਾ ਹੈ। ਗੁਰਵਾਕ ਅਨੁਸਾਰ—

ਗੁਰਮਤਿ ਮਨ ਗਰੀਬੀ ਆਵੈ।

ਇਸ ਤੋਂ ਇਲਾਵਾ ਪੰਜਵੀਂ ਪਹਿਚਾਨ ਇਉਂ ਹੈ ਕਿ ਉਸਦਾ ਦਿਨ ਦਾ ਕਰਮ-ਚਕਰ ਦੇਖਿਆ ਜਾਵੇ। ਉਸਦੇ ਦਿਨ ਦਾ ਕਰਮ-ਚਕਰ ਆਪਣੇ ਆਪ ਹੀ ਦਸ ਦੇਵੇਗਾ ਕਿ ਇਹ ਕਿਸ ਹੱਦ ਤਕ, ਕਿਸ ਸਮੇਂ, ਕਿਸ ਵਿਧੀ ਨਾਲ ਤੇ ਕਿਸ ਪ੍ਰਕਾਰ ਦੀ ਸੰਗੀਤ ਵਿਚ ਰਹਿ ਕੇ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ਼ ਕਰ ਰਿਹਾ ਹੈ। ਜੇ ਉਸਦੇ ਅਮਲ ਠੀਕ ਹਨ ਤਾਂ ਉਹ ਗੁਰਮਤਿ ਦਾ ਸੁਚੱਜਾ ਜਾਣੂ ਕਿਹਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਉਸਦੇ ਗੁਰਮਤਿ ਐਕਸ਼ਨ ਦਿਖਾਵੇ ਮਾਤ੍ਰ ਤਾਂ ਨਹੀਂ? ਉਸ ਤੋਂ ਉਪਰੰਤ ਉਸਦੇ ਅਸੂਲਾਂ ਦੀ ਪੁਖ਼ਤਗੀ ਕਿਸ ਹੱਦ ਤਕ ਹੈ? ਕਿਧਰੇ ਢਿੱਲ ਤੇ ਨਹੀਂ ਦੇ ਦੇਂਦਾ। ਜੇ ਉਸ ਵਿਚ ਅਪਣਾ ਅਸੂਲਾਂ ਦਾ ਪਿਆਰ ਹੈ ਤੇ ਉਹਨਾਂ ਨੂੰ ਨਿਭਾਉਣ ਲਈ ਉਹ ਦੁਨੀਆਂਦਾਰਾਂ ਦੀ ਪਰਵਾਹ ਨਹੀਂ ਕਰਦਾ ਤਾਂ ਉਹ ਸੁਚਾ ਹੀਰਾ ਹੈ, ਕੀ ਹੋਇਆ ਉਸ ਦੀ ਦੁਨੀਆਂਦਾਰਾਂ ਨਾਲ ਸੁਸਾਇਟੀ ਨਹੀਂ ਬਣ ਸਕਦੀ। ਗੁਰਵਾਕ ਅਨੁਸਾਰ ਸੰਸਾਰੀਆਂ ਤੇ ਭਗਤਾਂ ਦਾ ਜੋੜ ਨਹੀਂ ਬਣ ਆਉਂਦਾ ਐਸਾ ਸਿਖ ਠੀਕ ਹੀ ਗੁਰਮਤਿ ਤੇ ਚਲਣ ਵਾਲਾ ਹੁੰਦਾ ਹੈ। ਭਾਵੇਂ ਉਹ ਥੋੜੀ ਰਫ਼ਤਾਰ ਨਾਲ ਚਲਦਾ ਦਿਸੇ, ਪਰ ਉਸ ਦਾ ਐਸਾ ਰਸਤਾ ਉਸਨੂੰ ਉਚਾ ਉਠਾਣ ਵਿਚ ਮਦਦ ਦੇਵੇਗਾ। ਇਹ ਤਾਂ ਹੈ ਜ਼ਾਹਰੀ ਪਹਿਚਾਨ। ਵੈਸੇ ਤਾਂ ਦਾਤਾ ਆਪ ਹੀ ਵਡਾ ਪਾਰਖੂ ਹੈ। ਸਾਡੇ ਮਨਾਂ ਦਾ ਅੰਦਾਜ਼ਾ ਗਲਤ ਵੀ ਹੋ ਸਕਦਾ ਹੈ।

ਗੁਰਮਤਿ ਵਿਚ ਆਏ ਹੋਏ ਦੀ ਪਹਿਚਾਨ ਸਭ ਤੋਂ ਵਡੀ ਇਹ ਹੈ ਕਿ ਉਹ ਕਿਸੇ ਕੰਮ ਦਾ ਕਰਤਾ ਅਪਣੇ ਆਪ ਨੂੰ ਨਹੀਂ ਮੰਨੇਗਾ। ਜਦੋਂ ਉਹ ਕਿਸੇ ਦਾ ਭਲਾ ਕਰੇਗਾ ਤੇ ਭਲਾ ਕੀਤੇ ਹੋਏ ਮਨੁਖ ਵਲੋਂ ਆਪਣੀ ਵਡਿਆਈ ਸੁਣਕੇ, ਕੰਮ ਕਰਤਾਰ ਦਾ ਹੀ ਕੀਤਾ ਹੋਇਆ ਦਰਸਾਵੇਗਾ।

ਉਹ ਬੋਲਨ ਵਿਚ ਬਹੁਤ ਘਟ ਸ਼ਬਦਾਂ ਦਾ ਇਸਤੇਮਾਲ ਕਰਕੇ ਅਪਣੇ ਭਾਵ ਨੂੰ ਪ੍ਰਗਟ ਕਰੇਗਾ। ਉਹ ਦੁਨਿਆਵੀ ਗਲਾਂ ਸੁਣ ਕੇ ਕੁਝ ਚਿਰ ਮਗਰੋਂ ਮਨ ਵਿਚ ਉਪਰਾਮਤਾ ਮਹਿਸੂਸ ਕਰੇਗਾ ਤੇ ਦੁਨਿਆਦਾਰਾਂ ਦੀ ਬਕ ਬਕ ਨੂੰ, ਜਿਸ ਵਿਚ ਨਿੰਦਾ ਦਾ ਅੰਸ਼ ਜ਼ਿਆਦਾ ਹੁੰਦਾ ਹੈ ਅਣਡਿਠ ਕਰਨ ਦੀ ਕੋਸ਼ਿਸ਼ ਕਰੇਗਾ।

ਗੁਰਮਤਿ-ਜਾਣੂ, ਜ਼ਿਆਦਾ ਜ਼ੋਰ, ਅਮਲੀ ਤੌਰ ਤੇ ਭਲਾਈ ਕਰਨ ਤੇ ਦੇਵੇਗਾ ਕਿਉਂ ਜੋ ਉਸਨੂੰ ਭਲਾ ਕੰਮ ਕਰਕੇ ਅੰਦਰਲੀ ਖੁਸ਼ੀ ਹੁੰਦੀ ਹੈ। ਗੁਰਮਤਿ ਵਿਚ ਆਇਆਂ ਹੋਇਆਂ ਤੇ ਗੁਰਮਤਿ ਦਾ ਜਾਣੂ ਸਜਨ, ਦੂਜਿਆਂ ਨੂੰ ਗੁਰਮਤਿ ਵਲ ਪਰੇਰੇਗਾ। ਇਕ ਖਾਸ ਨਿੰਮਰਤਾ ਦੇ ਢੰਗ ਨਾਲ ਬਚਨ ਕਰੇਗਾ ਜੇਹੜੀ ਕਿ ਸਰਬ-ਪਰਵਾਨ ਹੋਵੇਗੀ। ਉਸਦੀ ਜ਼ਬਾਨ ਵਿਚ ਮਿਠਾਸ ਹੋਵੇਗੀ ਜਿਹੜੀ ਕਿ ਸਾਰਿਆਂ ਦੇ ਦਿਲਾਂ ਨੂੰ ਜਿਤ ਕੇ ਉਹਨਾਂ ਤੇ ਗੁਰਮਤਿ ਦਾ ਪ੍ਰਭਾਵ ਪਾਵੇਗੀ।

ਮਨੁਖ ਭਾਵੇਂ ਕਿਸੇ ਵੀ ਧਰਮ ਨੂੰ ਪਾਲਨ ਵਾਲਾ ਹੋਵੇ। ਜੇ ਉਹ ਦੂਜਿਆਂ ਦੇ ਧਰਮ ਨਾਲ ਘਿਰਨਾ ਨਹੀਂ ਕਰਦਾ ਤੇ ਉਹਨਾਂ ਤੇ ਟੀਕਾ ਟਿਪਨੀ ਨਹੀਂ ਕਰਦਾ ਤੇ ਮਨ ਵਿਚ ਬੁਰਾ ਨਹੀਂ ਸੋਚਦਾ, ਨਾਲ ਹੀ ਨਾਲ ਦਿਲ ਵਿਚ 'ਕੀ ਜਾਨਾ ਸ਼ਹੁ ਕਉਣ ਪਿਆਰੀ' ਨੂੰ ਯਾਦ ਰਖਦਾ ਹੈ, ਉਹ ਹੀ ਦਾਤੇ ਦੇ ਪਿਆਰ ਦਾ ਪਾਤ੍ਰ ਹੈ ਤੇ ਗੁਰਮਤਿ ਨੂੰ ਸਮਝ ਵਾਲਾ ਹੁੰਦਾ ਹੈ। ਬਹੁਤ ਵਾਰੀ ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਐਸੇ ਲੋਕ ਜੋ ਆਪਣੇ ਆਪ ਨੂੰ ਗੁਰਮਤਿ-ਜਾਣੂ ਤੇ ਰਬ-ਲੋਕ ਸਮਝਦੇ ਹਨ ਤੇ ਲੋਗ ਵੀ ਜਿਨ੍ਹਾਂ ਬਾਰੇ ਇਹ ਖਿਆਲ ਕਰਦੇ ਹਨ ਕਿ ਭਗਤੀ-ਰੋਚਕ ਤੇ ਨੇਕ ਹਨ, ਦੂਜੇ ਧਰਮ ਦਿਆਂ ਨੂੰ ਵੇਖ ਕੇ ਨਫ਼ਰਤ ਨਾਲ ਕਈ ਕਿਸਮ ਦੇ ਸ਼ਬਦ ਮੂੰਹੋਂ ਵੀ ਕਹਿ ਦੇਂਦੇ ਹਨ, ਐਸੇ ਮਨੁਖ ਬੇਸ਼ਕ ਅਪਨੇ ਮਨ ਵਿਚ ਅਪਨੇ ਲਈ ਕੁਝ ਵੀ ਸੋਚਣ, ਗੁਰਮਤਿ ਦੇ ਜਾਣੂ ਨਹੀਂ ਕਹੇ ਜਾ ਸਕਦੇ ਕਿਉਂਕਿ 'ਗੁਰਮਤਿ ਮਨ ਗਰੀਬੀ ਆਵੈ' ਦੇ ਤਰਾਜ਼ੂ ਤੇ ਉਹ ਪੂਰਾ ਨਹੀਂ ਉਤਰਦੇ।

ਅਸੀਂ ਲੋਕ ਕਈ ਵਾਰੀ ਦੂਜਿਆਂ ਦੇ ਜ਼ਾਹਰੀ ਭੇਖ ਤੇ ਪੂਜਾ ਪਾਠ ਤੋਂ ਉਹਨਾਂ ਬਾਰੇ ਗਲਤ ਅੰਦਾਜ਼ੇ ਲਾ ਲੈਂਦੇ ਹਾਂ। ਗੁਰਮਤਿ ਦਾ ਜਾਣੂ ਹੋਨਾ ਤੇ ਗੁਰਮਤਿ ਨੂੰ ਅਮਲੀ ਤੌਰ ਤੇ ਮਨਣਾ ਦੋ ਅਲਗ ਚੀਜ਼ਾਂ ਹਨ। ਇਕ ਫ਼ਾਰਸੀ ਦੇ ਆਲਮ ਨੇ ਕਿਹਾ ਢੁਕਵਾਂ ਕਿਹਾ ਹੈ:—

ਖ਼ੁਦਾ-ਤਰਸ ਅਜ਼ ਖ਼ੁਦਾ-ਦਾਨ ਹਜ਼ਾਰ ਦਰਜਾ ਬੇਹਤਰ ਅਸਤ।

ਅਰਥਾਤ ਵਾਹਿਗੁਰੂ ਨੂੰ ਜਾਨਣ ਵਾਲੇ ਨੂੰ ਵਾਹਿਗੁਰੂ ਦਾ ਭੈ ਰਖਣ ਵਾਲਾ ਹਜ਼ਾਰ ਗੁਣਾ ਚੰਗਾ ਹੁੰਦਾ ਹੈ। ਠੀਕ ਹੈ ਸਾਰੀ ਗਲ ਤਾਂ ਇਥੇ ਮੁਕਦੀ ਹੈ ਕਿ ਗੁਰਮਤਿ ਵਿਚ ਆਇਆ ਹੋਇਆ ਅਪਣੀ ਦ੍ਰਿਸ਼ਟੀ ਬਦਲੇ ਤੇ ਉਸਦੀ ਸ੍ਰਿਸ਼ਟੀ ਆਪਣੇ ਆਪ ਬਦਲ ਜਾਵੇਗੀ। ਜੇ ਉਹ ਸਮ-ਦ੍ਰਿਸ਼ਟੀ ਹੈ ਤਾਂ ਗੁਰਮਤਿ ਤੇ ਠੀਕ ਚਲ ਰਿਹਾ ਹੈ। ਵਾਹਿਗੁਰੂ ਐਸੇ ਮਨੁਖਾਂ ਦਾ ਕਦਮ ਕਦਮ ਤੇ ਸਹਾਇਕ ਹੁੰਦਾ ਹੈ, ਹੋਵੇਗਾ ਤੇ ਹੁੰਦਾ ਰਿਹਾ ਹੈ।



www.AKJ.Org

# ਅਨਮੋਲ ਰਤਨ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ 'ਜੇਲ੍ਹ ਚਿੱਠੀਆਂ' ਵਿਚੋਂ ਚੋਣਵੇਂ ਰਤਨ)

[ਪਿਛੇ ਤੋਂ ਅਗੇ—ਨੰ: 9]

(ਸੰਗ੍ਰਹਿ ਕਰਤਾ —ਭਾਈ ਮਨਮੋਹਨ ਸਿੰਘ ਜੀ ਪਟਨਾ)

੮੨. ਤਿਆਰੀਆਂ ਦੇ ਕੁਝ ਦਿਨ ਪਹਿਲਾਂ ਦਾਸ ਨੇ ਰਾਤਰੀ ਸਮੇਂ ਪੂਰਬ ਜਨਮ ਝਾਕੀ ਦਾ ਇਕ ਦ੍ਰਿਸ਼ਟਾਂਤ ਦੇਖਿਆ ਜੋ ਮੇਰੇ ਹਿਰਦੇ ਤੇ ਉਕਰਿਆ ਗਿਆ। ਪੂਰਬ ਜਨਮ ਝਾਕੀ ਦਾ ਉਕਤ ਸੀਨ ਸੰਖੇਪ ਮਾਤਰ ਇਸ ਬਿਧ ਹੈ:—

ਦਾਸ ਇਕ ਰਾਜ ਘਰਾਣੇ ਅੰਦਰ ਰਾਜਕੁਮਾਰ ਹੈ, ਅਜੇ ਬਾਲਬ੍ਰੇਸ ਹੀ ਹੈ। ਇਕਾਂਤ ਕੰਦਰੀ ਗੁਫ਼ਾਵਾਂ ਅੰਦਰ ਕਿਤੇ ਕਿਤੇ ਤਪੱਸੀ ਸਾਧੂ ਰਿਖ਼ੀਸ਼ਰ ਭੀ ਰਹਿੰਦੇ ਹਨ। ਇਕ ਦਿਨ ਦੇਵਨੇਤ ਐਸੀ ਹੋਈ ਕਿ ਦਾਸ ਆਪਣੇ ਬਾਕੀ ਸਾਥੀਆਂ ਸੰਗ ਹੋਲੀ ਖੇਡਦਾ ਪਿਚਕਾਰੀ ਹਥ ਵਿਚ ਫੜੀ ਦੁਰਾਡੀਆਂ ਪਹਾੜੀਆਂ ਅੰਦਰ ਬਿਚਰਦਾ ਹੋਇਆ ਲੰਘ ਗਿਆ। ਬਿਚਰਦੇ ਬਿਚਰਦੇ ਇਕ ਕੰਦ੍ਰਾ ਵਿਖੇ ਇਕ ਕਰੰਗ ਮੂਰਤੀ ਤਪਸੀ ਦਾ ਬੁਤ ਜੇਹਾ ਨਜ਼ਰੀ ਪਿਆ ਜੋ ਨਿਰਾ ਕਾਰੰਗਾ ਹੀ ਕਾਰੰਗਾ ਹਡੀਆਂ ਦਾ ਢਾਂਚਾ ਹੀ ਰਹਿ ਗਿਆ ਸੀ ਦਾਸ ਉਹਨੂੰ ਦੇਖ ਕੇ ਸਹਿਮਿਆਂ, ਬੜਾ ਤ੍ਰਾਸਮਾਨ ਹੋਇਆ। ਆਸਾਂ ਭਰਿਆ ਰੁਮਕਾ ਆਇਆ ਕਿ ਅਜ ਜੋ ਏਧਰ ਤੇਰਾ ਫੇਰਾ ਪਵਾਇਆ ਹੈ ਇਹ ਇਸ ਨੂੰ ਸੁਰਜੀਤ ਕਰਨ ਹਿਤ ਪੁਵਾਇਆ ਹੈ। ਅਜੇ ਇਸ ਵਿਚ ਜਿੰਦ ਜਾਨ ਦਾ ਰੁਮਕਾ ਬਾਕੀ ਹੈ। ਆਸ ਬੱਝ ਗਈ ਜੇ ਇਸ ਦੇ ਅੰਦਰ ਕਿਵੇਂ ਦੁਧ ਦਾ ਅਹਾਰ ਪਾਇਆ ਜਾਵੇ ਤਾਂ ਇਹ ਜ਼ਰੂਰ ਨੌ ਬਰ ਨੌ ਹੋ ਜਾਵੇ। ਇਸ ਫੁਰਨੇ ਦਾ ਫੁਰਨਾ ਸੀ ਕਿ ਇਕ-ਦਮ ਦੁਧ ਦੀ ਪਿਚਕਾਰੀ ਭਰ ਕੇ ਦਾਸ ਨੇ ਇਸ ਦੇ ਮੂੰਹ ਵਿਚ ਮਾਰਨੀ ਚਾਹੀ ਤਾਂ ਮੂੰਹ ਅਗੇ ਦੰਦੀਜਿਆ ਹੋਇਆ, ਅਜੇਹੀ ਦੰਦਣ ਪਈ ਹੋਈ ਕਿ ਦੁਧ ਅੰਦਰ ਜਾਣ ਦਾ ਕੋਈ ਰਾਹ ਨਾ ਦਿਸੇ। ਸਿਪਾਹੀਆਂ ਪੱਥਰ ਮਾਰਕੇ ਉਸ ਦੇ ਸਾਹਮਣੇ ਦੰਦ ਤੋੜ ਘਤੇ ਤੇ ਦਾਸ ਨੇ ਦੁਧ ਭਰੀ ਪਿਚਕਾਰੀ ਉਸਦੇ ਅੰਦਰ ਘਤਿ ਮਾਰੀ। ਦੁਧ ਪੀੜ ਅਤੇ ਦੰਦ ਪੀੜ ਹੋਣ ਕਰਕੇ ਉਸਦੇ ਦਿਮਾਗ਼ ਵਿਚ ਚੜ੍ਹੇ ਹੋਏ ਸੁਆਸ ਪ੍ਰਾਣ ਹਿਠਾਹਾਂ ਉਤਰੇ ਅਤੇ ਉਸਨੇ ਸਰਾਫ਼ ਦੇਣੇ ਸ਼ੁਰੂ ਕਰ ਦਿਤੇ। ਮੈਂ ਤੇਰੇ ਬਾਪ ਦਾ ਰਾਜ ਭਾਗ ਲੈਣ ਵਾਸਤੇ ਇਹ ਘੋਰ ਤਪਸਿਆ ਕੀਤੀ, ਜਾਹ! ਤੈਂ ਮੇਰੀ ਤਪਸਿਆ ਵਿਚ ਭੰਗ ਪਾਇਆ ਹੈ ਜੋ ਮੇਰੀ ਮਨੋ ਕਾਮਨਾ ਪੂਰੀ ਨਹੀਂ ਹੋਈ ਤਾਂ ਤੇਰਾ ਰਾਜ ਭਾਗ ਵਿਰਸਾ ਭੀ ਨਸ਼ਟ ਹੋ ਜਾਏਗਾ ਅਤੇ ਮੈਂ ਤੇਰਾ ਬਦਲਾ ਅਗਲੇ ਜਨਮ ਵਿਚ ਲਵਾਂਗਾ। ਇਸ ਪ੍ਰਕਾਰ ਦੇ ਕੋਪ ਭਰੇ ਕੁ-ਬਚਨ ਉਚਾਰ ਕੇ ਉਸਨੇ ਮੇਰੀ ਓਰ ਰੋਹ ਵਿਚ ਆਕੇ ਤਿਰਸੂਲ ਚਲਾਈ ਜੋ ਖਬਰ ਨਹੀਂ ਉਸ ਪਾਸ ਓਦੋਂ ਕਿਥੋਂ ਆ ਗਈ। ਮੇਰੀ ਤਾਂ ਸੁਤੇ ਹੀ ਰਖਿਆ ਹੋ ਗਈ ਪਰ ਨਿਸ਼ਾਨਾ ਉਸਦਾ ਮੇਰੀ ਓਰ ਸੀ। ਮੇਰੇ ਤਿਰਸੂਲ ਨਾ ਲਗਾ, ਇਕ ਸਿਪਹੀ ਦੀ ਲੱਤ ਉਤੇ ਜਾ ਲਗਾ ਅਤੇ ਪੱਟ ਕੋਲੋਂ ਉਸਦੀ ਲੱਤ ਲਾਹ ਕੇ ਸੁਟ ਦਿਤੀ। ਤਿਸ ਪਰ ਇਹ ਸੀਨ ਤਾਂ ਅਲੋਪ ਹੋ ਗਿਆ ਪਰ ਇਸ ਡਰਾਪ ਸੀਨ ਦੇ ਹੁੰਦਿਆਂ ਹੀ ਦੂਜੀ ਝਾਕੀ ਦਾ ਪੜਦਾ ਚੁਕਿਆ



www.AKJ.Org

ਗਿਆ ਜੋ ਏਸੇ ਜਨਮ ਦਾ ਵਰਤਨਹਾਰ ਝਾਕਾ ਪ੍ਰਤੀਤ ਹੁੰਦਾ ਸੀ। ਓਹੋ ਤਪੱਸੀ ਲਤੋਂ ਲੰਗੜਾ ਹੋਇਆ ਆਪਣੇ ਲਾਓ ਲਸ਼ਕਰ ਨੂੰ ਲਈ ਮੇਰੇ ਸਾਹਮਣੇ ਆਣ ਖਲੋਤਾ। ਮੈਂ ਉਸਨੂੰ ਆਖਿਆ ਕਿ ਬਸ! ਤੇਰੀ ਤਪਸਿਆ ਦਾ ਫਲ ਤੈਨੂੰ ਇਹੋ ਹੈਂਕੜਬਾਜ਼ੀ ਹੀ ਮਿਲੀ? ਇਹ ਲਤ ਕਿਸ ਤੋਂ ਕਟਵਾਈ ਹੈ? ਉਸਨੇ ਆਖਿਆ ਕਿ ਜਿਸਦੀ ਮੈਂ ਕੱਟੀ ਸੀ ਉਸ ਨੇ ਹੁਣ ਮੇਰੀ ਕੱਟ ਦਿਤੀ। ਫਰਕ ਸਿਰਫ ਏਤਨਾ ਹੈ ਕਿ ਮੈਂ ਉਸਦੀ ਤ੍ਰਿਸੂਲ ਨਾਲ ਕੱਟੀ ਸੀ ਉਸਨੇ ਗੋਲੀ ਮਾਰ ਕੇ ਆਰੀ ਕਰ ਦਿਤੀ, ਅਰ ਮੈਨੂੰ ਖੁਦ ਕਟਾਉਣੀ ਪਈ। ਏਹ ਤਾਂ ਅਦਲੇ ਦਾ ਬਦਲਾ ਹੈ। ਹੁਣ ਤੂੰ ਭੀ ਤਿਆਰ ਹੋ ਜਾ, ਤੈਥੋਂ ਭੀ ਹੁਣ ਮੈਂ ਆਪਣਾ ਪੂਰਬ ਕਰੰਮੀ ਬਦਲਾ ਲੈਣਾ ਹੈ। ਮੈਂ ਆਖਿਆ ਅਛਾ ਭਈ ਤੂੰ ਆਪਣਾ ਰਿਣ ਭੀ ਲਾਹ ਲੈ। ਏਨਾ ਸੁਣ ਉਸ ਨੇ ਮੈਨੂੰ ਜਕੜ ਜਕੜਵਾ ਲਿਆ ਅਤੇ ਮੇਰੇ ਮੂੰਹ ਵਿਚ ਮਲੋ ਜ਼ੋਰੀ ਕੋਈ ਲੰਮਾ ਲੰਮਾ ਸੰਦ ਪਾ ਕੇ ਅਜੇ ਹਲਕ ਤਾਈਂ ਹੀ ਉਤਾਰਿਆ ਸੀ ਕਿ ਮੇਰੀ ਜਾਗ ਖੁਲ੍ਹ ਗਈ। (ਪੰਨਾ ੪੮੫ ਤੋਂ ੪੮੭)

੮੩. ਓਦੋਂ ਹੀ ਪਤਾ ਲਗਾ ਕਿ ਨਾਦੇੜ ਸਟੇਸ਼ਨ ਆ ਗਿਆ ਤੇ ਬਾਹਰੋਂ ਏਹ ਹੋਕਰਾ ਆਇਆ, "ਨਾਦੇੜ ਸਟੇਸ਼ਨ ਕੇ ਉਤਰਨੇ ਵਾਲਾ" ਤਾਂ ਸੁਰਤੀ ਬਾਹਰ ਮੁਖੀ ਹੋਈ। ਅੱਖ ਉਘੜੀ ਤਾਂ ਕੀ ਦੇਖਦਾ ਹਾਂ ਕਿ ਰਾਤ ਪੈ ਗਈ ਹੈ, ਕੋਈ ਨੌ ਕੁ ਵਜੇ ਦਾ ਵਕਤ ਹੋਣਾ ਹੈ, ਗੱਡੀ ਖੜੋਤੀ ਹੋਈ ਹੈ। ਇਕ ਵਾਰ ਫੇਰ ਕੰਨਾਂ ਵਿਚ ਗੂੰਜ ਪਈ ਕਿ "ਨਾਦੇੜ ਸਟੇਸ਼ਨ ਕੇ ਉਤਰਨੇ ਵਾਲਾ"; ਏਸ ਗੂੰਜ ਦਾ ਕੰਨੀ ਪੈਣਾ ਹੀ ਸੀ ਕਿ ਸਰੀਰ ਦੀ ਸੁਧ ਬੁਧ ਭੁਲ ਗਈ। ਧੜੰਮ ਕਰਕੇ ਸਾਰਾ ਸੂਖਮ ਸਰੀਰ (Astral Body) ਮੂਧੇ ਮੂੰਹ ਪਲੇਟ ਫ਼ਾਰਮ ਤੇ ਜਾ ਪਿਆ। ਸਥੂਲ ਸਰੀਰ ਲੋਥ ਵਾਂਗੂ ਗਡੀ ਵਿਚ ਹੀ ਲੰਮਾ ਪਿਆ ਰਿਹਾ। ਸੁਤੇ ਹੀ ਇਕ ਅੱਖ ਦੇ ਫਰਕਣ ਵਿਚ ਅਨਿਕ ਪਰਕਾਰੀ ਅਲੌਕਿਕ ਨਿਜ਼ਾਰੇ ਚਮਤਕਾਰੇ ਦਿੱਬ ਨੈਣਾਂ ਦੇ ਸੌਂਹੇ ਹੋ ਗੁਜ਼ਰੇ। ਅਕਾਸ਼ ਮੰਡਲ ਵਿਚ ਚਾਰ ਚੁਫੇਰੇ ਅਮਿਉ ਸਰੋਵਰ ਠਾਠਾਂ ਮਾਰ ਰਿਹਾ ਸੀ ਅਰਥਾਤ ਅਮਰੀ ਅੰਮ੍ਰਿਤ ਵੇਲੇ ਦਾ ਪਹੁ-ਫੁਟਾਲਾ ਹੋ ਰਿਹਾ ਹੈ। ਇਸ ਅਮੀ ਸਮੁੰਦਰ ਦੇ ਆਰ ਪਾਰ ਸ੍ਰੀ ਅਬਚਲ ਨਗਰ ਦੀ ਜਾਗਤ-ਜੋਤ ਜਗ ਮਗ ਜਗ ਮਗ ਕਰ ਰਹੀ ਹੈ। ਪਰਕਰਮਾ ਕਰਨ ਨੂੰ ਉਮਾਹੇ ਉਠ ਰਹੇ ਹਨ, ਪਰ ਕਰ ਨਹੀਂ ਸਕੀਦੀ। ਕਿਸੇ ਪਿਆਰ ਧਰੇ ਹੱਥ ਨੇ ਉਠਾਇਆ ਅਤੇ ਕੰਨਾਂ ਵਿਚ ਪਿਆਰ ਲੋਰੀ ਸੁਣਾਈ ਕਿ ਉਠੋ ਹੋਸ਼ ਕਰੋ। ਅਜੇ ਹੁਕਮ ਨਹੀਂ ਯਾਤਰਾ ਦਾ, ਭਾਣੇ ਅੰਦਰ ਫ਼ੇਰ ਯਾਤਰਾ ਨਸੀਬ ਹੋਵੇਗੀ। ਸੋ ਭਾਣਾ ਮਿਠਾ ਕਰ ਮੰਨੋ। ਸਾਵਧਾਨਤਾ ਹੋਈ ਤਾਂ ਫੇਰ ਉਸ ਪੰਧ ਦੇ ਪੰਧਾਊ ਤੁਰੇ ਜਾਂਦੇ ਹਾਂ। (ਪੰਨਾ ੪੯੨)

੮੪. ਮੈਂ:—ਜਾਇਜ਼ ਹੁਕਮ ਮੰਨਿਆ ਜਾਏਗਾ, ਨਾਜਾਇਜ਼ ਨਹੀਂ ਮੰਨਿਆ ਜਾ ਸਕਦਾ। ਹੱਥ ਅੱਡ ਕੇ ਮੰਗਤਿਆਂ ਵਾਂਗੂ ਇਕ ਅਲਪਗ ਇਨਸਾਨ ਦੇ ਅਗੇ ਖਲੋਣਾ ਮਹਾਂ ਜ਼ਲੀਲ ਹੋਣਾ ਅਤੇ ਗੁਰਸਿਖੀ ਦੀ ਖਾਲਸਾਈ ਸਿਪਿਰਿਟ ਵਾਲੀ ਅਣਖ ਨੂੰ ਲੱਜਤ ਕਰਨਾ ਹੈ। ਗੁਰੂ ਕਾ ਅਣਖੀਲਾ ਸਿਖ ਸਿਵਾਇ ਗੁਰੂ ਅਕਾਲ ਪੁਰਖ ਦੇ ਕਿਸੇ ਦੇ ਅਗੇ ਹੱਥ ਅੱਡ ਕੇ ਨਹੀਂ ਖੜਾ ਹੋਵੇਗਾ।

ਸੁਪ੍ਰੰਟੰਡੰਟ ਜੇਲ:— ਦੇਖੋ ਮਹਾਤਮਾ ਗਾਂਧੀ ਦੇ ਚੇਲੇ ਜਮਨਾ ਦਾਸ (ਸੇਠ ਜਮਨਾ ਦਾਸ ਬਜ਼ਾਜ ਜੋਂ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਰੈਹ ਚੁਕੇ ਹਨ ਅਤੇ ਬੜੇ ਉਘੇ ਨੇਤਾ ਸਨ ਮ: ਸ:) ਅਤੇ ਮਹਾਤਮਾ ਭਗਵਾਨ ਦੀਨ ਸਾਰਖੇ ਬੜੇ ਬੜੇ ਕਾਂਗਰਸੀ ਲੀਡਰ ਇਸ ਜੇਲ੍ਹ ਵਿਚ ਕੈਦ ਹੋ ਕੇ ਆਉਂਦੇ ਹਨ, ਉਹ ਸਭ ਮੇਰੇ ਅਗੇ ਹੱਥ ਅੱਡ ਕੇ ਖੜੇ ਹੁੰਦੇ ਰਹੇ ਹਨ।

ਮੈਂ:—ਸਾਨੂੰ ਉਨਾਂ ਦੀ ਨਕਲ ਕਰਨ ਦੀ ਲੋੜ ਨਹੀਂ ਅਤੇ ਨਾ ਹੀ ਅਸੀਂ ਕਿਸੇ ਮਹਾਤਮਾਂ ਦੇ ਚੇਲੇ ਹਾਂ, ਨਾਂ ਹੀ ਕਦੇ ਬਣਾਂਗੇ, ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਅਣਖੀਲੇ ਸਿੰਘ ਹਾਂ ਅਤੇ ਸਿੰਘ ਰਹਾਂਗੇ। (ਪੰਨਾ ੫੦੩ ਤੋਂ ੫੦੫)

੮੫. ਮੈਂ ਆਪ ਨੂੰ ਇਹ ਵਾਜ਼ਿਆ ਕਰ ਦੇਣਾ ਐਨ ਮਸਲਿਹਤ ਸਮਝਦਾ ਹਾਂ, ਕਿ ਅਸੀਂ*



www.AKJ.Org

# ਸਿਖ ਇਤਿਹਾਸ ਦੀ ਫ਼ਰਦ

## [ਸੰਖੇਪ ਮੁਕੰਮਲ ਭਾਵ ਪੂਰਤ]

(ਵਲੋਂ :–ਗਿਆਨੀ ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ)

ਗੁਰੂ ਨਾਨਕ ਸਾਹਿਬ ਦਾ ਜਨਮ ਪੰਦਰਾਂ ਅਪਰੈਲ ੧੪੬੯ (ਚੌਦਾਂ ਸੌ ਉਨਹਤਰ) ਈਸਵੀ ਨੂੰ ਜ਼ਿਲਾ ਸ਼ੇਖੂਪੁਰਾ ਦੇ ਪਿੰਡ ਇਕ ਰੱਜੇ ਪੁਜੇ ਖਤਰੀ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁਖੋਂ ਹੋਇਆ। ਜਨਮ ਦੀ ਤਰੀਕ ਵਿਸਾਖ ਸੁਦੀ ਤਿੰਨ। ਇਹ ਕਰਮ ਸਿੰਘ ਹਿਸਟੋਰੀਅਨ ਅਨੁਸਾਰ ਹੈ। 1539 ਪੰਦਰਾਂ ਸੌ ਉਨਤਾਲੀ ਈਸਵੀ ਨੂੰ ਕਰਤਾਰਪੁਰ 22 ਸਤੰਬਰ ਜੋਤੀ ਜੋਤ ਸਮਾਏ। ਪੁਰਾਤਨ ਜਨਮਸਾਖੀ ਮੁਤਾਬਕ ਗੁਰੂ ਨਾਨਕ ਜੀ ਦਾ ਜਨਮ ਕਤਕ ਦੀ ਪੂਰਨਮਾਸ਼ੀ ਨੂੰ ਹੋਇਆ। ਭਾਈ ਲਹਿਣਾ ਜੀ ਜੋ ਗੁਰੂ ਅੰਗਦ ਦੇਵ ਜੀ ਦੂਜੇ ਗੁਰੂ ਬਣੇ ਦਾ ਜਨਮ ਜ਼ਿਲਾ ਫਿਰੋਜ਼ਪੁਰ ਵਿਚ ਮਤੇ ਦੀ ਸਰਾਂ ਵਿਚ ਹੋਇਆ। ਜਨਮ ਤਰੀਕ ਇਕੱਤੀ ਮਾਰਚ ਪੰਦਰਾਂ ਸੌ ਚਾਰ ਈਸਵੀ ਤੇ ਪਿਤਾ ਭਾਈ ਫੇਰੂ ਜੀ ਜੋ ਤਰੇਹਣ ਜਾਤ ਦੇ ਖਤਰੀ ਸਨ। ਪੰਦਰਾਂ ਵਰ੍ਹੇ ਦੀ ਉਮਰ ਵਿਚ ਭਾਈ ਲਹਿਣਾ ਜੀ ਦਾ ਵਿਆਹ ਬੀਬੀ ਖੀਵੀਂ ਨਾਲ ਖੰਡੂਰ ਸਾਹਿਬ ਹੋਇਆ। ਗੁਰਮੁਖੀ ਅੱਖਰ ਗੁਰੂ ਅੰਗਦ ਜੀ ਨੇ ਨਹੀਂ ਬਣਾਏ। ਗੁਰੂ ਅੰਗਦ ਦੇਵ ਜੀ ਤੋਂ ਪਹਿਲੇ ਪੈਂਤੀ ਅੱਖਰਾਂ ਦੀ ਪੱਟੀ ਆਸਾ ਰਾਗ ਵਿਚ ਗੁਰੂ ਨਾਨਕ ਜੀ ਦੀ ਲਿਖੀ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਸਮੇਂ ਪੈਂਤੀ ਗੁਰਮੁਖੀ ਅਖਰ ਬਣ ਚੁਕੇ ਸਨ। ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਤੋਂ ਗੁਰੂ ਨਾਨਕ ਜੀ ਦੇ ਹਾਲਾਤ ਪੁੱਛ ਪੁੱਛ ਕੇ ਭਾਈ ਪੈੜੇ ਮੋਖੇ ਤੋਂ ਜਨਮਸਾਖੀ ਲਿਖਵਾਈ, ਇਹ ਭਾਈ ਬਾਲੇ ਵਾਲੀ ਜਨਮਸਾਖੀ ਹੈ। ਇਹ ਗੁਰਮੁਖੀ ਲਿੱਪੀ ਵਿਚ ਗੁਰੂ ਅੰਗਦ ਜੀ ਨੇ ਲਿਖਵਾਈ ਸਿੱਖਾਂ ਨੂੰ ਪੜ੍ਹਨ ਲਈ ਹੁਕਮ ਦਿਤਾ। ਦੂਜੇ ਗੁਰੂ ਉਨੱਤੀ ਮਾਰਚ ਪੰਦਰਾਂ ਸੌ ਚੁਹਤ੍ਰ (੧੫੭੪) ਜੋਤੀ ਜੋਤ ਸਮਾਏ। ੭੩ ਵਰ੍ਹੇ ਦੀ ਅਵਸਥਾ ਵਿਚ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬੈਠੇ ਸੀ। ਅਕਬਰ ਨੇ ਤੀਜੇ ਗੁਰੂ ਜੀ ਨੂੰ ਥਾਂ ਦਿਤੀ ਅੰਮ੍ਰਿਤਸਰ ਵਸਾਣ

*ਸ੍ਰੀ ਦਸ਼ਮੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹਾਂ, ਮਹਾਤਮਾ ਗਾਂਧੀ ਦੇ ਚੇਲੇ ਨਹੀਂ ਕਿ ਫੋਕੀ ਸ਼ਾਂਤਮਈ ਨੂੰ ਲੜ ਬੰਨੀ ਫਿਰਾਂਗੇ। ਸਾਨੂੰ ਤਾਂ ਸਿਖਸ਼ਾ-ਮਈ ਅਸੂਲ ਦ੍ਰਿੜ ਹੈ ਕਿ ਜਦੋਂ ਧਰਮ ਦੀ ਹਾਨੀ ਹੁੰਦੀ ਹੋਵੇ, ਜ਼ਾਲਮਾਂ ਨੇ ਜ਼ੁਲਮ ਦੀ ਅੰਤ ਚੁਕੀ ਹੋਈ ਹੋਵੇ ਅਤੇ ਖਾਸ ਕਰਕੇ ਧਾਰਮਕ ਜਜ਼ਬਾਤ ਨੂੰ ਠੇਸ ਪਹੁੰਚਦੀ ਹੋਵੇ, ਉਥੇ ਆਪਣੀ ਸ੍ਵੈ-ਰਖਿਆ ਵਾਸਤੇ ਫੋਕੀ ਸ਼ਾਂਤਮਈ ਨੂੰ ਤਲਾਂਜਲੀ ਦੇ ਕੇ ਤੱਤ ਬੀਰ ਰੱਸ ਨੂੰ ਧਾਰਨ ਕਰ ਲੈਣਾ ਹੀ ਅਸਲ ਸ਼ਾਂਤਮਈ ਹੈ। ਜ਼ਾਲਮਾਂ ਨੂੰ ਜ਼ੁਲਮ ਕਰਦਿਆਂ ਨੂੰ ਪਛਾੜਨਾ, ਅਧਰਮੀਆਂ ਨੂੰ ਅਧਰਮ ਕਰਨ ਉਤੇ ਆਮਾਦਾ ਹੋਇਆਂ ਨੂੰ ਆਪਣੇ ਬਾਹੂ ਬਲ, ਵੀਰ ਕਲਾ ਦੁਆਰਾ ਹੋੜਨਾ ਤਸ਼ੱਦਦ ਨਹੀਂ। ਇਹ ਮਤ ਸਮਝਣਾ ਕਿ ਮੈਂ ਕਈਆਂ ਦਿਨਾਂ ਦਾ ਭੁੱਖਾ ਹਾਂ। ਭੁੱਖੇ ਸ਼ੇਰ ਸਗੋਂ ਭੂਹੇ ਹੋ ਜਾਂਦੇ ਹਨ, ਜਦੋਂ ਉਨ੍ਹਾਂ ਨਾਲ ਕੋਈ ਛੇੜਖਾਨੀ ਕਰੇ ਭਾਵੇਂ ਉਹ ਪਿੰਜਰੇ ਵਿਚ ਹੀ ਕਿਉਂ ਨਾ ਪਏ ਹੋਣ। (ਪੰਨਾ ਪ੦੯)



www.AKJ.Org

ਲਈ ੧੫੭੭ (ਪੰਦਰਾਂ ਸੌ ਸਤੱਤਰ) ਵਿਚ ਗੁਰੂ ਅਮਰਦਾਸ ਜੀ ਨੇ ਅਨੰਦ ਵਿਆਹ ਦੀ ਰਸਮ ਤੋਰੀ। ਸਿਖਾਂ ਨੂੰ ਆਪਣੇ ਤਿਉਹਾਰ ਮਨਾਉਣ ਲਈ ਉਤਸ਼ਾਹ ਦਿਤਾ। ਸਤੀ ਦੀ ਰਸਮ ਨੂੰ ਰੋਕਿਆ। ਪਰਦੇ ਦੀ ਮਨਾਹੀ ਕੀਤੀ। ਗੋਇੰਦਵਾਲ ਵਿਖੇ ਚੁਰਾਸੀ ਪਉੜੀਆਂ ਦੀ ਬਾਉਲੀ ਬਣਾਈ। ਅਕਬਰ ਨੇ ਗੁਰੂ ਕੇ ਲੰਗਰ ਵਿਚ ਗੁਰੂ ਅਮਰਦਾਸ ਜੀ ਦੇ ਸਮੇਂ ਪਹਿਲਾਂ ਪ੍ਰਸ਼ਾਦ ਛਕਿਆ ਸੀ ਪਿਛੋਂ ਉਸਨੂੰ ਗੁਰੂ ਜੀ ਦੇ ਦਰਸ਼ਨ ਹੋਏ ਸਨ। ਗੁਰੂ ਅਮਰਦਾਸ ਜੀ ਨੇ ਵਿਸਾਖੀ ਤੇ ਮਾਘੀ ਦੇ ਮੌਕਿਆਂ ਉਤੇ ਸਿਖਾਂ ਦੇ ਇਕੱਠ ਕਰਨੇ ਸ਼ੁਰੂ ਕੀਤੇ। ਸਿਖੀ ਪ੍ਰਚਾਰ ਲਈ ਬਾਈ ਮੰਜੀਆਂ ਕਾਇਮ ਕੀਤੀਆਂ ਕਿਉਂ ਜੁ ਗੁਰੂ ਜੀ ਦੇ ਸ਼ਰਧਾਲੂ ਬਹੁਤ ਵਧ ਗਏ ਸਨ। ਸ਼ਖਸੀ ਤੌਰ ਤੇ ਪ੍ਰਚਾਰ ਕਰਨਾ ਔਖਾ ਸੀ। ਗੁਰੂ ਰਾਮਦਾਸ ਜੀ ਚੌਥੇ ਪਾਤਸ਼ਾਹ ਦਾ ਪਹਿਲਾਂ ਨਾਂ ਭਾਈ ਜੇਠਾ ਸੀ। ਇਹ ਪਲੇਠੀ ਦੇ ਪੁਤਰ ਸਨ। ਇਹਨਾਂ ਖੂਬ ਟੋਕਰੀ ਢੋਈ। ਪੁਜ ਕੇ ਸੇਵਾ ਕੀਤੀ। ਗੁਰੂ ਅਮਰਦਾਸ ਜੀ ਦੇ ਜੁਆਈ ਸਨ। ਬੀਬੀ ਭਾਨੀ ਗੁਰੂ ਅਮਰਦਾਸ ਜੀ ਦੀ ਪੁਤਰੀ ਦਾ ਸੰਜੋਗ ਗੁਰੂ ਰਾਮਦਾਸ ਜੀ ਨਾਲ ਹੋਇਆ ਸੀ। ਗੁਰੂ ਰਾਮਦਾਸ ਜੀ ਦਾ ਜਨਮ ਚੂਨੇ ਮੰਡੀ ਲਾਹੌਰ ਵਿਖੇ ਭਾਈ ਹਰਦਾਸ ਜੀ ਸੋਢੀ ਦੇ ਘਰ ੧੫੩੪ ਈਸਵੀ ਨੂੰ ਹੋਇਆ। ਅੰਮ੍ਰਿਤਸਰ ਸ਼ਹਿਰ ਆਪ ਨੇ ੧੫੭੭ ਈ. ਵਿਚ ਵਸਾਇਆ। ਅੰਮ੍ਰਿਤਸਰ ਗਜ਼ਟੀਅਰ ਇਸ ਦਾ ਪਤਾ ਦਿੰਦਾ ਹੈ। ਚੌਥੇ ਗੁਰੂ ਨੇ ਸਿਖੀ ਪ੍ਰਚਾਰ ਬਹੁਤ ਕੀਤਾ। ਅੰਮ੍ਰਿਤਸਰ ਦਾ ਨਾਂ ਪਹਿਲੋ ਪਹਿਲ 'ਰਾਮਦਾਸ ਚੱਕ' ਸੀ। ਅਕਬਰ ਤੋਂ ਸਤ ਸੌ ਵਿਘੇ ਜ਼ਮੀਨ ਖ਼ਰੀਦੀ ਤੇ ਪੰਜ ਸੌ ਰੁਪਿਆ ਭਰਿਆ। ਚੌਥੇ ਗੁਰੂ ੧੫੮੧ ਈਸਵੀ ਵਿਚ ਜੋਤੀ ਜੋਤ ਸਮਾਏ। ਗੁਰੂ ਅਰਜਨ ਕਾਲ ੧੫੮੧ ਈਸਵੀ ਤੋਂ ੧੬੦੬ ਈਸਵੀ ਤਕ ਹੈ। ੧੬੦੪ ਈਸਵੀ ਵਿਚ ਗੁਰੂ ਅਰਜਨ ਸਾਹਿਬ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਗੁਰਦਾਸ ਜੀ ਭਲੇ ਪਾਸੋਂ ਤਿਆਰ ਕਰਵਾਈ। ਭਾਈ ਗੁਰਦਾਸ ਜੀ ਈਸ਼ਰ ਦਾਸ ਭਲੇ ਦੇ ਘਰ ਗੋਇੰਦਵਾਲ ਵਿਖੇ ਜਨਮੇ ਸਨ। ਭਾਈ ਗੁਰਦਾਸ ਜੀ ਨੂੰ ਸਿਖਾਂ ਵਿਚ ਉਹੋ ਦਰਜਾ ਪ੍ਰਾਪਤ ਹੈ ਜੋ ਅਮਾਮ ਗਜ਼ਾਲੀ ਨੂੰ ਮੁਸਲਮਾਨਾਂ ਵਿਚ, ਸਟੇਪਾਲ ਨੂੰ ਈਸਾਈਆਂ ਵਿਚ, ਵੇਦ ਵਿਆਸ ਨੂੰ ਹਿੰਦੂਆਂ ਵਿਚ। ਪਹਿਲੀ ਵੇਰ ਆਦਿ ਬੀੜ ਦਾ ਪਰਕਾਸ਼ ਹਰਮੰਦਰ ਸਾਹਿਬ ਅੰਮ੍ਰਿਤਸਰ ਹੋਇਆ। ਬਾਬਾ ਬੁਢਾ ਜੀ ਸਭ ਤੋਂ ਪਹਿਲੇ ਗਰੰਥੀ ਥਾਪੇ ਗਏ। ੧੬੦੬ ਈਸਵੀ ਤੀਹ ਮਈ (ਜੇਠ ਸੁਦੀ ਚੌਥ) ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਰਾਵੀ ਕੰਢੇ ਲਾਹੌਰ ਜਹਾਂਗੀਰ (ਸਲੀਮ) ਦੇ ਹੁਕਮ ਅਨੁਸਾਰ ਹੋਈ। ਗੁਰੂ ਅਰਜਨ ਦੇਵ ਜੀ ੧੫੮੧ ਈ. ਵਿਚ ਗੁਰਗੱਦੀ ਤੇ ਬੈਠੇ ਸਨ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰੂ ਅਰਜਨ ਦੇਵ ਜੀ ਦੇ ਗ੍ਰਿਹਿ ਵਿਖੇ ਮਾਤਾ ਗੰਗਾ ਜੀ ਦੀ ਕੁਖੋਂ ੧੫੯੫ ਈ. ਨੂੰ ਗੁਰੂ ਕੀ ਵਡਾਲੀ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਛੇਵੇਂ ਗੁਰੂ ਆਪਣੇ ਪਿਤਾ ਦੀ ਸ਼ਹਾਦਤ ਮਗਰੋਂ ੧੬੦੬ ਈਸਵੀ ਵਿਚ ਗੁਰਗੱਦੀ ਤੇ ਬੈਠੇ। ਆਪ ਨੇ ਅਕਾਲ ਤਖਤ ਅੰਮ੍ਰਿਤਸਰ ੧੬੦੯ ਈਸਵੀ ਵਿਚ ਬਣਾਇਆ। ਦੋ ਮਹੀਨੇ ਗੁਆਲੀਅਰ ਦੇ ਕਿਲੇ ਵਿਚ ਕੈਦ ਰਹੇ। ਬਵੰਜਾ ਰਾਜੇ ਛੁਡਵਾ ਕੇ ਬੰਦੀਛੋੜ ਅਖਵਾਏ। ਮੀਆਂ ਮੀਰ ਜੋ ਪੰਦਰਾਂ ਸੌ ਈਸਵੀ ਨੂੰ ਸੀਸਤਾਨ ਵਿਖੇ ਪੈਦਾ ਹੋਇਆ ਸੀ ਜਿਸਨੇ ਹਰਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਸਮੇਂ ਰਖੀ ਸੀ, ਨੇ ਜਹਾਂਗੀਰ ਕੋਲ ਸਿਫ਼ਾਰਸ਼ ਪਾ ਕੇ ਛੇਵੇਂ ਗੁਰੂ ਜੀ ਨੂੰ ਗੁਆਲੀਅਰ ਦੇ ਕਿਲੇ 'ਚੋਂ ਛੁਡਵਾਇਆ ਸੀ। ਜਹਾਂਗੀਰ ੧੬੨੭ ਈ. ਵਿਚ ਚਲ ਵਸਿਆ। ਅੰਮ੍ਰਿਤਸਰ ਦੀ ਲੜਾਈ ਮੁਗਲਾਂ ਵਿਰੁਧ ਛੇਵੇਂ ਗੁਰੂ ਨੇ ੧੬੨੮ ਈਸਵੀ ਵਿਚ, ਲਹਿਰਾ ਗਾਗਾ ਦੀ ੧੬੩੧ ਈਸਵੀ ਵਿਚ, ਕਰਤਾਰਪੁਰ ਦੀ ੧੬੩੪ ਈਸਵੀ ਵਿਚ ਲੜੀ। ਛੇਵੇਂ ਗੁਰੂ ਦਾ ਜੀਵਨ ਕਾਲ ੧੬੦੬ ਈਸਵੀ ਤੋਂ ਲੈ ਕੇ ੧੬੪੫ ਈਸਵੀ ਤਕ ਹੈ। ਗੁਰੂ ਹਰ ਰਾਇ ਜੀ ਦਾ ਗੁਰਗੱਦੀ ਕਾਲ ੧੬੪੫ ਈਸਵੀ ਤੋਂ ਲੈ ਕੇ ੧੬੮੧ ਈ. ਤਕ ਬਣਦਾ ਹੈ। ਫੂਲ ਤੇ ਸੰਦਲੀ ਨੂੰ ਆਪ ਨੇ ਰਾਜ ਬਖਸ਼ਿਆ ਜਿਨ੍ਹਾਂ ਵਿਚੋਂ ਪੈਪਸੂ ਦੇ ਰਾਜੇ ਹੋਏ।



www.AKJ.Org

ਆਪ ਨੂੰ ਦਾਰਾ ਸ਼ਿਕੋਹ ਔਰੰਗਜ਼ੇਬ ਦਾ ਵਡਾ ਭਰਾ ਮਿਲਿਆ ਸੀ। ਗੁਰੂ ਹਰਿ ਕ੍ਰਿਸ਼ਨ ਜੀ ਦਾ ਪ੍ਰਕਾਸ਼ ੭ ਜੁਲਾਈ ੧੬੫੬ ਈਸਵੀ ਨੂੰ ਕੀਰਤਪੁਰ ਵਿਖੇ ਹੋਇਆ। ਆਪ ੧੬੬੧ ਈਸਵੀ ਵਿਚ ਗੁਰਗੱਦੀ ਤੇ ਬੈਠੇ। ੩੦ ਮਾਰਚ ੧੬੬੪ ਈਸਵੀ ਨੂੰ ਦਿਲੀ ਜੋਤੀ ਜੋਤ ਸਮਾਏ।। ਆਪ ਨੇ ਆਪਣਾ ਜਾਂ-ਨਸ਼ੀਨ ਬਾਬੇ ਬਕਾਲੇ 'ਚ ਦਸਿਆ। ਗੁਰੂ ਤੇਗ ਬਹਾਦਰ ਜੀ ੧ ਅਪਰੈਲ ੧੬੨੨ ਈਸਵੀ ਨੂੰ ਮਾਤਾ ਨਾਨਕੀ ਦੀ ਕੁਖੋਂ 'ਗੁਰੂ ਕੇ ਮਹਿਲ' ਸ੍ਰੀ ਅੰਮ੍ਰਿਤਸਰ ਵਿਖੇ ਗੁਰੂ ਹਰਗੋਬਿੰਦ ਸਾਹਿਬ ਦੇ ਘਰ ਪ੍ਰਗਟੇ। ਮਖਣ ਸ਼ਾਹ ਲੁਬਾਣੇ ਆਪ ਜੀ ਦੀ ਖੋਜ ਕਢੀ। ਪੁਜਾਰੀਆਂ ਨੇ ਅੰਮ੍ਰਿਤਸਰ ਚੜ੍ਹਾਵੇ ਦਾ ਹਿਸਾਬ ਨਾ ਦਿਤਾ। ਦਰਵਾਜ਼ੇ ਬੰਦ ਕਰ ਲਏ।

ਗੁਰੂ ਤੇਗ ਬਹਾਦਰ ਜੀ ੧੬੬੪ ਈਸਵੀ ਵਿਚ ਗੁਰਗੱਦੀ ਉਤੇ ਬੈਠੇ ਸਨ। ਧੀਰਮਲੀਆਂ ਵਿਰੋਧਤਾ ਕੀਤੀ। ਸ਼ੀਂਹੇ ਮਸੰਦ ਨੇ ਗੋਲੀ ਵੀ ਚਲਾਈ ਪਰ ਆਪ ਬਚ ਰਹੇ। ਆਪ ਜੀ ਆਸਾਮ ਦੇਸ਼ ਧੁਬੜੀ ਗਏ। ੧੧ ਨਵੰਬਰ ੧੬੭੫ ਈ. ਨੂੰ ਔਰੰਗਜ਼ੇਬ ਦੇ ਰਾਜ ਵਿਚ ਚਾਂਦਨੀ ਚੌਕ ਦਿਲੀ ਆਪ ਜੀ ਸ਼ਹੀਦ ਕੀਤੇ ਗਏ। 'ਲਾਜ ਰਖੀ ਹਿੰਦ ਵਾਲੀ' ਬਡੂ ਕਾਲ ਮਹਿ ਮਹਾਨ ਸਾਕਾ ਆਪ ਜੀ ਦੀ ਸ਼ਹਾਦਤ ਸੀ। ਦਸਮੇਸ਼ ਜੀ ਨੇ ਆਪਣੇ ਪਿਤਾ ਜੀ ਦੀ ਸ਼ਹਾਦਤ ਦਾ ਜ਼ਿਕਰ ਕੀਤਾ ਹੈ–

ਧਰਮ ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰਰ ਨ ਦੀਆ।

(ਬਚਿਤਰ ਨਾਟਕ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਭਵ-ਪ੍ਰਕਾਸ਼ ੨੨ ਦਸੰਬਰ ੧੬੬੬ ਈ. ਨੂੰ ਸੂਬਾ ਬਿਹਾਰ ਪਟਨਾ ਸ਼ਹਿਰ ਵਿਖੇ ਮਾਤਾ ਗੁਜਰੀ ਜੀ ਦੀ ਕੁਖੋਂ ਗੁਰੂ ਤੇਗ ਬਹਾਦਰ ਜੀ ਦੇ ਗ੍ਰਹਿ ਵਿਖੇ ਹੋਇਆ। ਪਹਿਲਾ ਨਾਂ 'ਗੋਬਿੰਦ ਰਾਏ' ਸੀ। ਪਾਹੁਲ ਲੈ ਕੇ ਗੋਬਿੰਦ ਸਿੰਘ ਬਣੇ ਜਦੋਂ ਆਸਾਮ ਦੇ ਝਗੜਿਆਂ ਨੂੰ ਸੁਲਝਾਉਣ ਨੌਵੇਂ ਗੁਰੂ ਲੰਮੇ ਦੌਰੇ ਤੇ ਟੁਰੇ ਸਨ। ਉਦੋਂ ਆਪਣੇ ਪਰਵਾਰ ਨੂੰ ਨਾਲ ਲੈ ਟੁਰੇ ਸਨ। ਸਫ਼ਰ ਦੀਆਂ ਔਕੜਾਂ ਨੂੰ ਮੁਖ ਰਖ ਕੇ ਪਰਵਾਰ ਨੂੰ ਪਟਨੇ ਛਡ ਕੇ ਆਪ ਅਗਾਂਹ ਚਲੇ ਗਏ ਸਨ। ਸਾਹਿਬਜ਼ਾਦੇ ਦੇ ਜਨਮ ਦੀ ਖ਼ਬਰ ਦਖਣ ਵਿਚ ਹੀ ਮਿਲੀ ਸੀ। ਪਿਤਾ ਜੀ ਦੀ ਸ਼ਹਾਦਤ ਮਗਰੋਂ ਗੋਬਿੰਦ ਰਾਏ ਜੀ ੧੬੭੫ ਈ. ਵਿਚ ਗੁਰਗੱਦੀ ਤੇ ਬੈਠੇ। ੧੭੦੪ ਈ. ਦਸੰਬਰ ਦੇ ਮਹੀਨੇ ਅਨੰਦਪੁਰ ਛਡਿਆ। ੧੩ ਅਪਰੈਲ ੧੬੯੯, ੧੭੫੬ ਬਿਕਰਮੀ ਨੂੰ ਖਾਲਸੇ ਦੀ ਸਾਜਨਾ ਹੋਈ। ੧੬੮੬ ਵਿਚ ਦਸਮੇਸ਼ ਜੀ ਨੇ ਭੰਗਾਣੀ ਦੀ ਜੰਗ ਲੜੀ। ਡਾਕਟਰ ਗੋਕਲ ਚੰਦ ਨਾਰੰਗ ਭੰਗਾਣੀ ਯੁਧ ਖਾਲਸਾ ਸਾਜਨ ਉਪਰੰਤ ਹੋਇਆ ਦਸਦਾ ਹੈ। ਆਪ ਜੀ ਨੇ ਚੌਦਾਂ ਜੰਗਾਂ ਲੜੀਆਂ,ਤੇਰਾਂ ਜਿਤੇ। ਇਕ ਚਮਕੌਰ ਦੀ ਲੜਾਈ ਬਿਨਾਂ ਨਤੀਜੇ ਮੁਕੀ। ਇਸ ਵਿਚ ਵਡਾ ਭੇਦ ਸੀ। ਤੁਰਕ ਫ਼ੌਜਾਂ ਤੇ ਪਹਾੜੀਏ ਗੁਰੂ ਜੀ ਨੂੰ ਜੀਂਦਾ ਨਾ ਫੜ ਸਕੇ। ਇਹੋ ਉਹਨਾਂ ਦੀ ਹਾਰ ਸੀ। ਏਡੇ ਵਡੇ ਘੇਰੇ ਵਿਚੋਂ ਸਫਾਵਾਂ ਚੀਰਦੇ ਲਲਕਾਰ ਪਾ ਕੇ ਨਿਕਲ ਜਾਣਾ ਗੁਰੂ ਜੀ ਦੀ ਜਿੱਤ ਸਮਝੀ ਜਾਂਦੀ ਹੈ। ਗੁਲੇਰ ਜਾਂ ਨਦੌਣ ਦੀ ਜੰਗ ਖਾਲਸੇ ਦੀ ਸਾਜਨਾ ਮਗਰੋਂ ਹੋਈ। ਅਰਦਾਸ ਵਿਚ ਸ਼ਾਮਲ ਚਾਲੀ ਮੁਕਤੇ ਚਮਕੌਰ ਸਾਹਿਬ ਵਾਲੇ ਸਮਝਣੇ ਚਾਹੀਦੇ ਹਨ। ਦੋ ਸਾਲ ਗੁਰੂ ਜੀ ਸਾਬੋ ਕੀ ਤਲਵੰਡੀ ਮਾਲਵੇ ਵਿਚ ਰਹੇ। ਇਥੇ ਦਮਦਮਾ ਸਾਹਿਬ ਵਸਾਇਆ। ਭਾਈ ਮਨੀ ਸਿੰਘ ਜੀ ਤੋਂ ਆਦਿ ਬੀੜ ਲਿਖਵਾਈ। ਇਹ ਗੁਰੂ ਕੀ ਕਾਂਸ਼ੀ ਪ੍ਰਸਿੱਧ ਹੋਈ। ੧੩ ਪੋਹ ੧੭੬੧ ਬਿਕਰਮੀ ਮੰਗਲਵਾਰ ਵਾਲੇ ਦਿਨ ਬਾਬਾ ਫ਼ਤਹਿ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਸੂਬਾ ਸਰਹੰਦ ਦੇ ਹੁਕਮ ਨਾਲ ਸਰਹੰਦ ਵਿਖੇ ਦੁਪਹਿਰ ਵੇਲੇ ਸ਼ਹੀਦ ਕੀਤੇ ਗਏ। ਸਾਸਲ ਬੇਗ ਤੇ ਬਾਛਲ ਬੇਗ ਸਮਾਣੇ ਦੇ ਜਲਾਦ ਸਨ। ਦੇਖੋ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ:–'ਤੇਰਾਂ ਪੋਹ ਮੰਗਲਵਾਰ ਮਚੀ ਸ਼ਹਿਰ ਮੇਂ ਹਾਹਾਕਾਰ। ਸਾਸਲ ਬੇਗ ਬਾਛਲ ਬੇਗ ਦੋਨੋਂ ਜਲਾਦਨ ਖੀਂਚੀ ਤੇਗ......ਜੋਤੀਸਰ ਮੇਂ ਜਾ ਸਸਕਾਰੇ......।



www.AKJ.Org

ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਆਯੂ 42 ਸਾਲ 9 ਮਹੀਨੇ 11 ਦਿਨ ਸੀ। ਅਗਸਤ 1707 ਨੂੰ ਆਪ ਆਗਰੇ ਸਨ। ਹਜ਼ੂਰ ਦੇ ਦਰਬਾਰੀ ਕਵੀ ਸੈਨਾਪਤ ਅਨੁਸਾਰ ਪਠਾਣ ਨੇ ਆਪ ਤੇ ਵਾਰ ਕੀਤਾ। ਜਰਾਹ ਮੰਗਾਏ ਗਏ। ਫਟ ਸੀਤਾ ਗਿਆ। ਅੰਮ੍ਰਿਤ ਗੁਟਕੇ ਅਨੁਸਾਰ ਜਦੋਂ ਪਠਾਣ ਨੇ ਵਾਰ ਕੀਤਾ ਸਤਿਗੁਰਾਂ ਦਾ ਕਮਰਕਸਾ ਜ਼ੋਰ ਨਾਲ ਕੀਤਾ ਹੋਇਆ ਸੀ। ਖੰਜਰ ਦਾ ਵਾਰ ਮਾਰੂ ਸਿਧ ਹੋਇਆ ਕਿਉਂ ਜੁ ਕਮਰਕਸੇ ਨਾਲ ਸਰੀਰ ਕਸਿਆ ਗਿਆ ਸੀ। ਪਠਾਣ ਥਾਂ ਹੀ ਰਖ ਦਿਤਾ ਗਿਆ। ਸ਼ਾਹੀ ਜਰਾਹ ਬਹਾਦਰ ਸ਼ਾਹ ਵਲੋਂ ਭੇਜੇ ਗਏ ਸੀ। ਸਤਿਗੁਰਾਂ ਉਤੇ ਹੋਏ ਖ਼ੂਨੀ ਵਾਰ ਦਾ ਬੰਦਾ ਸਿੰਘ ਬਹਾਦੁਰ ਨੂੰ ਪਤਾ ਲਗ ਚੁਕਾ ਸੀ। ਸਾਰੀ ਜ਼ਿੰਦਗੀ ਭਰ ਦਸ਼ਮੇਸ਼ ਜੀ ਦੀ ਔਰੰਗਜ਼ੇਬ ਨਾਲ ਭੇਟ ਨਹੀਂ ਹੋ ਸਕੀ। ਗੁਰੂ ਜੀ ਦਖਣ ਵਲ ਨੂੰ ਆ ਰਹੇ ਸਨ। ਅਜੇ ਰਸਤੇ ਵਿਚ ਹੀ ਸਨ (ਬਘੌਰ) ਸਨ ਕਿ ਔਰੰਗਜ਼ੇਬ ਦੀ ਮੌਤ ਦੀ ਖਬਰ ਸੁਣੀ। 7 ਅਕਤੂਬਰ 1708 ਨੂੰ ਨਦੇੜ ਦਖਣ ਜੋਤੀ ਜੋਤ ਸਮਾਏ। ਇਸ ਸਮੇਂ ਪਹਿਰ ਕੁ ਰਾਤ ਰਹਿੰਦੀ ਸੀ। ਸਤਿਗੁਰਾਂ ਦੇ ਉਤੇ ਵਾਰ ਸੂਬਾ ਸਰਹੰਦ ਨੇ ਕਰਵਾਏ ਸਨ। ਬੰਦਾ ਬਹਾਦਰ ਜੋ ਡੋਗਰਾ ਰਾਜਪੂਤ ਸੀ। ਰਾਮਦੇਵ ਦਾ ਪੁਤਰ ਸੀ। ੨੭ ਅਕਤੂਬਰ ੧੬੭੦ ਈਸਵੀ ਨੂੰ ਬੰਦਾ ਦਾ ਜਨਮ ਇਲਾਕਾ ਪੁਣਛ ਦੇ ਕਸਬੇ ਰਾਜੌੜੀ ਵਿਚ ਹੋਇਆ। ਪਹਿਲਾ ਨਾਂ ਮਾਧੋ ਦਾਸ ਬੈਰਾਗੀ ਸੀ। ਘੁਮਦਾ ਘੁਮਾਂਦਾ ਨਦੇੜ ਦਖਣ ਚਲਾ ਗਿਆ ਸੀ। ੧੭੦੮ ਵਿਚ ਬੰਦੇ ਦਾ ਮੇਲ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ। ਬੰਦੇ ਬਹਾਦਰ ਦਾ ਕਾਲ ਖ਼ੂਨੀ ਕਾਲ ਹੈ। ੨੨ ਮਈ ੧੭੧੦ ਈਸਵੀ ਨੂੰ ਬੰਦੇ ਦੀ ਅਗਵਾਈ ਹੇਠ ਸਿੰਘਾਂ ਨੇ ਸਰਹੰਦ ਨੂੰ ਫਤਹ ਕੀਤਾ। ਚਪੜ ਚਿੜੀ ਦੇ ਮੈਦਾਨ ਵਿਚ ਸਿੰਘਾਂ ਤੇ ਸੂਬਾ ਸਰਹੰਦ ਵਿਚਕਾਰ ਮੁਠ ਭੇੜ ਹੋਈ। ਹਥੋ ਪਾਈ ਦੀ ਲੜਾਈ ਵਿਚ ਜਥੇਦਾਰ ਬਾਜ ਸਿੰਘ ਦੇ ਹਥੋਂ ਵਜੀਦ ਖਾਂ ਮਾਰਿਆ ਗਿਆ। ਇਸੇ ਸਾਲ ਬਾਬੇ ਬੰਦੇ ਨੇ ਸਮਾਣੇ ਵਿਚ ਉਸਮਾਨ ਖਾਂ ਨੂੰ ਕਤਲ ਕੀਤਾ। ਸੰਢੌਰੇ ਦੇ ਜਲਾਦ ਜਲਾਲੁ ਦੀਨ ਨੂੰ ਕਤਲ ਕੀਤਾ। ਬੁਧੂ ਸ਼ਾਹ ਪੀਰ ਦੇ ਕਾਤਲਾਂ ਤੋਂ ਬਦਲੇ ਲਏ। ਮੁਖਲਸ ਗੜ, ਤਰਾਵੜੀ, ਕਪੂਰੀ, ਪਠਾਨਕੋਟ, ਸ੍ਰੀ ਹਰਿਗੋਬਿੰਦ ਪੁਰ, ਕਲਾਨੌਰ ਬਟਾਲਾ ਨੂੰ ਫਤਹਿ ਕੀਤਾ। ੧੯ ਜੂਨ ੧੭੧੬ ਈ. ਨੂੰ ਬਾਬਾ ਬੰਦਾ ਸਿੰਘ ਜੀ ਬੁਖਤਾਰ ਕਾਕੀ ਦੀ ਦਰਗਾਹ ਕੋਲ ਦਿੱਲੀ ਵਿਖੇ ਫਰੁਖਸ਼ੀਅਰ ਦੇ ਸਮੇਂ ਸ਼ਹੀਦ ਕੀਤੇ ਗਏ। ਜਥੇਦਾਰ ਬਾਜ਼ ਸਿੰਘ, ਰਾਮ ਸਿੰਘ, ਆਲੀ ਸਿੰਘ ਆਪ ਦੇ ਨਾਲ ਸ਼ਹੀਦ ਹੋਏ। ਜਿਨੇ ਤਸੀਹੇ ਬਾਬੇ ਬੰਦੇ ਨੂੰ ਦੇ ਕੇ ਸ਼ਹੀਦ ਕੀਤਾ ਗਿਆ ਉਸ ਦੀ ਮਿਸਾਲ ਸੰਸਾਰ ਦੇ ਕਿਸੇ ਹੋਰ ਇਤਹਾਸ ਵਿਚ ਨਹੀਂ ਮਿਲ ਸਕਦੀ। ਬਾਬੇ ਬੰਦੇ ਮਗਰੋਂ ੧੭੧੬ ਤੋਂ ੧੭੨੬ ਤਕ ਸਿੰਘਾਂ ਉਤੇ ਬੜੇ ਭਿਆਣਕ ਜ਼ੁਲਮੀ ਝਖੜ ਝੁਲੇ। ਭਾਈ ਤਾਰਾ ਸਿੰਘ ਜੀ ਮੁਗਲ ਸਿਤਾਹੀਆਂ ਨਾਲ ਟਾਕਰਾ ਕਰਦੇ ਹੋਏ ਸ਼ਹੀਦ ਹੋਏ। ਹੋਰ ਇਕਾ ਦੁਕੜ ਸਿੰਘ ਫੜ ਕੇ ਮਾਰੇ ਜਾਂਦੇ ਰਹੇ। ਭਾਈ ਤਾਰੂ ਸਿੰਘ ਜੀ ਇਸੇ ਸਮੇਂ ਸ਼ਹੀਦ ਕੀਤੇ ਗਏ। ੧੭੩੩ ਵਿਚ ਜ਼ਿਕਰੀਆ ਖਾਂ ਨੇ ਸਿੱਖਾਂ ਨਾਲ ਸਮਝੌਤਾ ਕੀਤਾ। ਕਿਉਂ ਜੋ ਸਿੱਖ ਸਖਤੀਆਂ ਨਾਲ ਕਾਬੂ ਨਾ ਆ ਸਕੇ। ਨਵਾਬੀ ਦਾ ਖਤਾਬ ਅੰਮ੍ਰਤਸਰ ਸੁਬੇਗ ਸਿੰਘ ਰਾਹੀਂ ਭੇਜਿਆ ਗਿਆ। ਮੁਗਲ ਹਕੂਮਤ ਨੇ ਦਲ ਖਾਲਸੇ ਵਿੱਚ ਫੁਟ ਪਾਣ ਦੀ ਵੀ ਸੋਚੀ। ੧੭੩੩ ਈ. ਵਿਚ ਤਰੁਣਾ ਦਲ ਤੇ ਬੁੱਢਾ ਦਲ ਬਣੇ ਜਿਨਾਂ ਦੇ ਪੰਜ ਹੈਡ ਕਵਾਟਰ ਸਨ। ਤਰਣਾ ਦਲ ਤੇ ਬੁੱਢਾ ਦਲ ਦਾ ਸਾਂਝਾ ਨਾਂ ਦਲ ਖਾਲਸਾ ਸੀ। ਦੋਵਾਂ ਦਾ ਸਾਂਝਾ ਜਥੇਦਾਰ ਨਵਾਬ ਕਪੂਰ ਸਿੰਘ ਸੀ। 'ਟਹਲ ਮਹਲ ਤਾਂ ਕੋ ਮਿਲੈ ਜਾਕੋ ਸਾਧ ਕਿਰਪਾਲ' ਅਨੁਸਾਰ ਸੇਵਾ ਬਦਲੇ ਨਵਾਬ ਕਪੂਰ ਸਿੰਘ ਜੀ ਨੂੰ ਨਵਾਬੀ ਮਿਲੀ। ਦਲ ਖਾਲਸੇ ਦੀ ਗਿਣਤੀ ਦੋ ਹਜ਼ਾਰ ਤੱਕ ਸੀ। ਇਹ ਵੈਸਾਖੀ ਤੇ ਹੋਲੇ ਨੂੰ ਅੰਮ੍ਰਿਤਸਰ ਇਕਠੇ ਹੁੰਦੇ ਸਨ। ਇਹਨਾਂ ਦੇ ਸਾਰੇ ਅਹਿਮ ਫ਼ੈਸਲੇ ਤੇ ਗੁਰਮਤੇ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਹੁੰਦੇ ਸਨ। ਇਹ ਝੰਡੇ ਝੁਲਾਂਦੇ ਸਨ। ਨਗਾਰੇ ਵਜਾਉਂਦੇ ਸਨ। ਇਕਦਾ ਵਹੀਰ ਧਾਵਾ



www.AKJ.Org

ਬੋਲਦਾ ਸੀ । ਇਸ ਸਮੇਂ ਨਿਹੰਗ ਸਿੰਘਾਂ ਦੇ ਬੋਲ਼ੇ ਬਣੇ ਜਿਨ੍ਹਾਂ ਨੂੰ ਗੜਗੱਜ ਬੋਲੇ (ਖਾਲਸਾ ਜੀ ਦੀ ਫੌਜੀ ਸ਼ਬਦਾਵਲੀ) ਕਿਹਾ ਜਾਂਦਾ ਹੈ। ਇਹ ਇਸ ਲਈ ਤਾਂ ਜੁ ਦੁਸ਼ਮਨ ਨੂੰ ਇਹਨਾਂ ਦੀ ਅਸਲੀ ਹਾਲਤ ਦਾ ਪਤਾ ਨਾ ਲਗ ਸਕੇ। ੧੭੩੯ ਵਿਚ ਸਿੰਘਾਂ ਨੇ ਨਾਦਰਸ਼ਾਹ ਨੂੰ ਲੁਟਿਆ। ਭਾਈ ਮਨੀ ਸਿੰਘ ਜੀ ੧੭੩੭ (ਦੀਪਮਾਲਾ) ਦੇ ਮੌਕੇ ਤੇ ਲਾਹੌਰ ਦੇ ਸ਼ਾਹੀ ਕਿਲੇ ਦੇ ਪਿਛਵਾੜੇ ਸ਼ਹੀਦ ਕੀਤੇ ਗਏ। ੧੭੪੬ ਈ. ਤੋਂ ੧੭੪੮ ਈ. ਤਕ ਸ਼ਾਹ ਨਿਵਾਜ਼ ਲਾਹੌਰ ਦੇ ਤਖਤ ਤੇ ਰਿਹਾ। ਦਸੰਬਰ ੧੭੪੮ ਈ. ਵਿਚ ਪਸ਼ੌਰੋਂ ਅਹਿਮਦਸ਼ਾਹ ਅਬਦਾਲੀ ਨੇ ਪੰਜਾਬ ਤੇ ਹੱਲਾ ਕੀਤਾ। ੧੧ ਮਾਰਚ ੧੭੪੮ ਵਿਚ ਮੀਰ ਮੰਨੂੰ ਨੇ ਅਹਿਮਦਸ਼ਾਹ ਨੂੰ ਹਰਾ ਦਿਤਾ। ਅਹਿਮਦਸ਼ਾਹ ਵਾਪਸ ਪਰਤ ਗਿਆ। ਦਸੰਬਰ ੧੭੪੮ ਵਿਚ ਉਸੇ ਸਾਲ ਅਹਿਮਦਸ਼ਾਹ ਨੇ ਫਿਰ ਹੱਲਾ ਕੀਤਾ। ਮੀਰ ਮੰਨੂੰ ਹਾਰ ਗਿਆ। ੧੭੪੮ ਦੀ ਵਿਸਾਖੀ ਨੂੰ ਜੱਸਾ ਸਿੰਘ ਆਹਲੂਵਾਲੀਏ ਨੇ ਦਲ ਖਾਲਸਾ ਦੀ ਕਮਾਣ ਸੰਭਾਲੀ। ੧੭੫੧ ਈ. ਵਿਚ ਅਹਿਮਦਸ਼ਾਹ ਨੇ ਫਿਰ ਹਲਾ ਕਰਕੇ ਮੀਰ ਮੰਨੂੰ ਨੂੰ ਗਿਰਫਤਾਰ ਕੀਤਾ। ਕੌੜਾ ਮਲ ਦੀਵਾਨ ਮਾਰਿਆ ਗਿਆ। ੧੭੫੯ ਈ. ਵਿਚ ਮਰਾਠਿਆਂ ਤੇ ਸਿਖਾਂ ਨੂੰ ਸਬਕ ਦੇਣ ਲਈ ਅਹਿਮਦਸ਼ਾਹ ਪੰਜਾਬ ਆਇਆ। ੧੪ ਜਨਵਰੀ ੧੭੬੧ ਈ. ਨੂੰ ਅਹਿਮਦਸ਼ਾਹ ਤੇ ਮਰਾਠਿਆਂ ਵਿਚਕਾਰ ਪਾਨੀਪਤ ਦੀ ਲੜਾਈ ਹੋਈ। ਅਹਿਮਦ ਸ਼ਾਹ ਜੋ ਲੜਾਈ ਮਗਰੋਂ ਵਾਪਸ ਕਾਬਲ ਜਾ ਰਿਹਾ ਸੀ ਸਿਖਾਂ ਨੇ ਦਿਲ ਭਰ ਕੇ ਲੁਟਿਆ। ਸਿਖਾਂ ਨੇ ਗੁਜਰਾਂਵਾਲੇ ਤੇ ਲਾਹੌਰ ਤੇ ਕਬਜ਼ਾ ਕਰ ਲਿਆ। ੧੭੫੯ ਈ. ਵਿਚ ਬਰਨਾਲੇ ਕੁਪ ਦਾ ਘਲੂਘਾਰਾ ਹੋਇਆ। ਇਹ ਵਡਾ ਘਲੂਘਾਰਾ ਜਿਸ ਵਿਚ ਬਾਰਾਂ ਹਜ਼ਾਰ ਸਿਖ ਤੇ ਅਨੇਕਾਂ ਬਚੇ ਬੱਚੀਆਂ ਕਤਲ ਹੋਈਆਂ।

—o—

# ਮੇਰਠ ਵਿਖੇ ਅਖੰਡ ਕੀਰਤਨ ਸਮਾਗਮ ਦਾ ਪਰੋਗਰਾਮ

2-3-70 ਸਵੇਰੇ 5 ਤੋਂ 8 ਵਜੇ ਤਕ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਵਲੋਂ ਸ: ਸਾਧੂ ਸਿੰਘ ਜੀ 83 ਗੋਬਿੰਦਪੁਰੀ ਕੰਕਰ ਖੇੜਾ ਮੇਰਠ।

3-3-70 ਸ਼ਾਮ 7 ਤੋਂ 9-30 ਵਜੇ ਤਕ ਕੀਰਤਨ ਗੁਰਦੁਆਰਾ ਪ੍ਰਹਿਲਾਦ ਨਗਰ, ਮੇਰਠ।

4-3-70 ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਸ: ਸਾਧੂ ਸਿੰਘ ਦੇ ਘਰ 83 ਗੋਬਿੰਦਪੁਰੀ ਕੰਕਰ ਖੇੜਾ, ਮੇਰਠ।

5-3-70 ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ ਗੁਰਦੁਆਰਾ ਸਤਿਸੰਗ ਸਦਰ ਬਜ਼ਾਰ 5 ਤੋਂ 1 ਤਕ

5-3-70 ਸ਼ਾਮ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕੰਕਰ ਖੇੜਾ, ਮੇਰਠ 7 ਤੋਂ 9-30 ਤਕ

6-3-70 ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ 5 ਵਜੇ ਤੋਂ 1 ਵਜੇ ਤਕ ਗੁਰਦੁਆਰਾ ਸ੍ਰੀ ਕਲਗੀਧਰ, ਲਾਲ ਕੁੜਤੀ, ਮੇਰਠ

6-3-70 ਸ਼ਾਮ ਕੀਰਤਨ 7 ਤੋਂ 9-30 ਤਕ ਗੁਰਦੁਆਰਾ ਸਿਖ ਐਲ.ਆਈ. ਸੈਂਟਰ ਮੇਰਠ ਛਾਉਣੀ।

7-3-70 ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ 5 ਤੋਂ 12 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ, ਮੇਰਠ।

7-3-70 ਰਾਤ ਕੀਰਤਨ ਰੈਣ ਸਬਾਈ 8 ਤੋਂ ਗੁ: ਸਿੰਘ ਸਭਾ ਥਾਪਰ ਨਗਰ ਜਿਸਦੀ ਸਮਾਪਤੀ 7 ਵਜੇ 8-3-70 ਨੂੰ ਹੋਵੇਗੀ।

**ਅੰਮ੍ਰਿਤ ਸੰਚਾਰ—7-3-70 ਨੂੰ 3 ਵਜੇ ਦੁਪਹਿਰ ਗੁ: ਸ੍ਰੀ ਗੁਰੂ ਸਿੰਘ ਸਭਾ, ਥਾਪਰ ਨਗਰ ਵਿਖੇ ਹੋਵੇਗਾ।**

ਨੋਟ:—1. ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਵਿਖੇ ਹੋਵੇਗਾ।
2. ਬਿਸਤਰੇ ਲੋੜ ਅਨੁਸਾਰ ਲਿਆਉਣ ਦੀ ਖੇਚਲ ਕਰਨੀ।

ਪੁਛ ਗਿੱਛ ਲਈ ਪਤਾ—

**ਸ੍ਰ: ਗੁਰਮੁਖ ਸਿੰਘ, ਨਿਊ ਮਿਲਨ ਰੈਸਟੋਰੈਂਟ,**
ਗੁਰਦੁਆਰਾ ਥਾਪਰ ਨਗਰ, ਮੇਰਠ

ਦਾਸਰੇ—
**ਅਖੰਡ ਕੀਰਤਨੀ ਜਥਾ, ਮੇਰਠ**



www.AKJ.Org

# ਸ੍ਰੀਮਾਨ ਭਾਈ ਅਤਰ ਸਿੰਘ ਜੀ

(ਲੇਖਕ :–ਭਾਈ ਸੁਰਜਨ ਸਿੰਘ ਜੀ)

ਕੁਛ ਦਿਨ ਹੋਏ ਹਨ ਦਾਸ ਨੂੰ ਪਤਾ ਲਗਾ ਹੈ ਭਾਈ ਸਾਹਿਬ ਅਤਰ ਸਿੰਘ ਜੀ ਚੜ੍ਹਾਈ ਕਰ ਗਏ ਹਨ ਸੁਣ ਕੇ ਬਹੁਤ ਅਫਸੋਸ ਹੋਇਆ । ਦਾਸ ਦੁਸਹਿਰੇ ਦੇ ਮੌਕੇ ਦਿਲੀ ਸਮਾਗਮ ਤੇ ਗਿਆ ਸੀ। ਭਾਈ ਅਤਰ ਸਿੰਘ ਜੀ ਦੇ ਭਤੀਜੇ ਈਸ਼ਰ ਸਿੰਘ ਜੀ ਨੇ ਦਸਿਆ ਮੇਰੇ ਚਾਚਾ ਜੀ ਰਹੇਲਾ ਸਰਾਏ ਮੇਰੇ ਘਰ ਬੀਮਾਰ ਪਏ ਹਨ। ਆਪ ਜੀ ਨੂੰ ਤੇ ਆਪਣੇ ਹੋਰ ਸਾਥੀਆਂ ਨੂੰ ਬਹੁਤ ਯਾਦ ਕਰਦੇ ਹਨ। ਮੈਂ ਕੁਛ ਦਿਨ ਤੋਂ ਬਾਦ ਰੁਹੇਲਾ ਸਰਾਏ ਜਾ ਕੇ ਭਾਈ ਸਾਹਿਬ ਅਤਰ ਸਿੰਘ ਜੀ ਦੇ ਦਰਸ਼ਨ ਕੀਤੇ, ਦਾਸ ਨੂੰ ਦੇਖ ਕੇ ਬਹੁਤ ਖੁਸ਼ ਹੋਏ। ਆਪ ਜੀ ਸਰੀਰ ਕਰਕੇ ਬਹੁਤ ਕਮਜ਼ੋਰ ਸਨ ਪਰ ਆਪ ਜੀ ਦੀ ਆਤਮਾ ਬਹੁਤ ਹੀ ਚੜ੍ਹਦੀ ਕਲਾ ਵਿਚ ਸੀ। ਅਨੰਦ ਵਿਚ ਬੈਠੇ ਸਨ। ਕਹਿਣ ਲਗੇ ਮੇਰੀ ਇਛਾ ਸੀ ਸਾਰੇ ਸਿੰਘਾਂ ਦੇ ਜਾ ਕੇ ਦਰਸ਼ਨ ਕਰਾਂ ਪਰ ਸਰੀਰ ਇਜਾਜ਼ਤ ਨਹੀਂ ਦਿੰਦਾ ਤੁਹਾਥੋਂ ਪਹਿਲਾਂ ਬਾਬੂ ਮਲ ਸਿੰਘ ਜੀ ਤੇ ਗਿਆਨੀ ਨਾਹਰ ਸਿੰਘ ਜੀ ਭੀ ਆਏ ਸਨ।

ਆਪ ਜੀ ਦਾ ਪਿੰਡ ਢੱਕਮ ਤਹਿਸੀਲ ਚਕਵਾਲ ਜ਼ਿਲਾ ਜੇਹਲਮ ਸੀ। ਆਪ ਜੀ ਕਿਸੇ ਪਲਟਨ ਵਿਚ ਨੌਕਰ ਸਨ। ਲੁਧਿਆਣੇ ਛੁਟੀ ਲੈ ਕੇ ਆਪਣੇ ਭਾਈ ਕਾਨ੍ਹ ਸਿੰਘ ਜੀ ਪਾਸ ਆਇਆ ਕਰਦੇ ਸਨ। ਲੁਧਿਆਣੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਕਦੀ ਕਦਾਈਂ ਕੀਰਤਨ ਕਰਨ ਵਾਸਤੇ ਬੱਨੇ ਦੇ ਹਾਤੇ ਖਾਲਸਾ ਹਾਈ ਸਕੂਲ ਵਿਚ ਆਇਆ ਕਰਦੇ ਸਨ। ਏਸ ਕੀਰਤਨ ਵਿਚ ਭਾਈ ਅਤਰ ਸਿੰਘ ਜੀ ਭੀ ਆਇਆ ਕਰਦੇ ਸਨ। ਹੌਲੀ ੨ ਭਾਈ ਸਾਹਿਬ ਜੀ ਨਾਲ ਮੇਲ ਮਿਲਾਪ ਹੋ ਗਿਆ। ਕੁਝ ਸਮੇਂ ਤੋਂ ਬਾਦ ਆਪ ਜੀ ਨੇ ਜਥੇ ਪਾਸੋਂ ਅੰਮ੍ਰਿਤ ਪਾਨ ਕਰ ਲਿਆ। ਕੁਝ ਸਮੇਂ ਪਿਛੋਂ ਆਪ ਜੀ ਨੇ ਪਲਟਨ ਵਿਚੋਂ ਆਪਣਾ ਨਾਮ ਕਟਵਾਕੇ ਨਾਰੰਗਵਾਲ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਘਰ ਆਸਣ ਜਮਾ ਲਿਆ। ਏਥੇ ਭਾਈ ਸਾਹਿਬ ਜੀ ਨੇ ਅਖੰਡ ਪਾਠਾਂ ਦੇ ਪਰਵਾਹ ਚਲਾਏ ਹੋਏ ਸਨ, ਆਪ ਜੀ ਚੰਗੇ ਅਖੰਡ ਪਾਠੀ ਸਨ, ਬਹੁਤ ਸਾਰੀ ਬਾਣੀ ਆਪ ਜੀ ਦੇ ਜ਼ਬਾਨੀ ਹੀ ਕੰਠ ਸੀ। ਇਹਨਾਂ ਦਾ ਜ਼ਿਕਰ ਭਾਈ ਸਾਹਿਬ ਜੀ ਨੇ 'ਜੇਲ੍ਹ ਚਿੱਠੀਆਂ' ਵਿਚ ਭੀ ਕੀਤਾ ਹੈ। ਆਪ ਜੀ ਅਣਥੱਕ ਅਖੰਡ ਪਾਠੀ ਸਨ। ਜਦੋਂ ਸੰਨ ੧੯੧੫ ਵਿਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੀ ਹੈ ਉਸ ਵਕਤ ਸਾਡੇ ਨਾਲ ਇਹਨਾਂ ਨੂੰ ਭੀ ਦਸ ਸਾਲ ਦੀ ਕੈਦ ਹੋ ਗਈ ਸੀ, ਪਹਿਲਾਂ ਤਾਂ ਸਭ ਨੂੰ ਹੀ ਉਮਰ ਕੈਦ ਤੇ ਜੈਦਾਦ ਜ਼ਬਤੀ ਦੀ ਸਜ਼ਾ ਸੁਣਾਈ ਸੀ ਫੇਰ ਅਪੀਲ ਵਿਚ ਦਸ ਸਾਲ ਰਹਿ ਗਈ ਸੀ। ਏਹਨਾਂ ਨੂੰ ਜਥੇ ਤੋਂ ਬਿਨਾਂ ਕੋਈ ਨਹੀਂ ਸੀ ਜਾਣਦਾ ਕਿਉਂਕਿ ਆਪ ਜੇਹਲਮ ਇਲਾਕੇ ਦੇ ਰਹਿਣ ਵਾਲੇ ਸੀ। ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਭੇ ਨਜ਼ਰਬੰਦ ਹੋ ਗਏ ਸਨ, ਓਦੋਂ ਭਾਈ ਅਤਰ ਸਿੰਘ ਜੀ ਭੀ ਨਾਭੇ ਸਨ, ਇਨ੍ਹਾਂ ਨੇ ਭਾਈ ਸਾਹਿਬ ਜੀ ਨੂੰ ਹਰ ਰੋਜ਼ ਪਰਸ਼ਾਦਾ ਸਜਾ ਕੇ ਛਕਾ ਕੇ ਆਉਣਾ ਫੇਰ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੂੰ ਲੋਹਟਵਦੀ ਲਿਆਂਦਾ ਗਿਆ, ਤਦ*



www.AKJ.Org

# ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

ਇਸ ਨਾਲ ਜੱਥੇ ਦਾ ਹੋਲੇ ਮਹਲੇ ਦਾ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਮਨਾਇਆ ਜਾਵੇਗਾ :—

21-3-70 ਦਿਨ ਸਨਿਚਰਵਾਰ ਸਾਰੇ ਜੱਥੇ ਸਵੇਰੇ 11 ਵਜੇ ਤੱਕ ਸ੍ਰੀ ਤੇਗ ਬਹਾਦੁਰ ਸਾਹਿਬ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਪੁਜਣ।

ਦਿਨ ਦੇ 1 ਵਜੇ ਸਾਰੇ ਜਥੇ ਕੀਰਤਨ ਕਰਦੇ ਸੰਤ ਬਾਬਾ ਮਹਿੰਦਰ ਸਿੰਘ ਜੀ ਹਰਖੋਵਾਲ ਦੇ ਗੁਰਦਆਰਾ ਸਾਹਿਬ ਕਿਲਾ ਆਨੰਦਗੜ੍ਹ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਮੰਜੀ ਸਾਹਿਬ, ਸੀਸ ਗੰਜ ਸਾਹਿਬ, ਅਕਾਲ ਬੁੰਗਾ ਸਾਹਿਬ, ਭੋਰਾ ਸਾਹਿਬ, ਗੁਰੂ ਕੇ ਮਹਲ, ਦਮਦਮਾ ਸਾਹਿਬ ਆਦਿ, ਗੁਰਦਵਾਰਿਆਂ ਦੇ ਦਰਸ਼ਨ ਦੀਦਾਰ ਕਰਨਗੇ।

22-3-70 ਦਿਨ ਐਤਵਾਰ ਸਵੇਰੇ 5 ਵਜੇ ਤੋਂ 9 ਵਜੇ ਤਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਉਸ ਤੋਂ ਉਪਰੰਤ 3 ਵਜੇ ਤਕ ਦੁਰਹਿਰ ਅਖੰਡ ਕੀਰਤਨ ਖਾਲਸਾ ਕਾਲਜ ਵਿਚ। ਸ਼ਾਮ ਨੂੰ 7 ਤੋਂ 9 ਵਜੇ ਤਕ ਕਿਸੇ ਇਤਿਹਾਸਕ ਗੁਰਦਵਾਰਾ ਸਾਹਿਬ ਵਿਚ ਕੀਰਤਨ।

23-3-70 ਦਿਨ ਸੋਮਵਾਰ ਸਵੇਰੇ 5 ਵਜੇ ਤੋਂ 9 ਵਜੇ ਤੱਕ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ, ਉਸ ਤੋਂ ਉਪਰੰਤ 3 ਵਜੇ ਦੁਪਹਿਰ ਤਕ ਅਖੰਡ ਕੀਰਤਨ।

23-3-70 ਸ਼ਾਮ ਨੂੰ 8 ਵਜੇ ਤੋਂ ਰੈਣ ਸਬਾਈ ਕੀਰਤਨ ਅਰੰਭ ਹੋਕੇ 24-3-70 ਸਵੇਰੇ 8 ਵਜੇ ਭੋਗ ਪਵੇਗਾ।

ਸਾਰੇ ਜਥਿਆਂ ਅਗੇ ਬੇਨਤੀ ਹੈ ਕਿ 21-3-70 ਨੂੰ 11 ਵਜੇ ਤੱਕ ਸ੍ਰੀ ਗੁਰੂ ਤੇਗ ਬਹਾਦੁਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਪੁਜ ਜਾਣ ਤਾਂਕਿ ਸਮੇਂ ਸਿਰ ਪਾਵਨ ਗੁਰੂਧਾਮਾਂ ਦੀ ਯਾਤਰਾ ਲਈ ਚਾਲੇ ਪਾਏ ਜਾਣ। ਖਾਲਸਾ ਕਾਲਜ ਰੋਪੜ ਸ੍ਰੀ ਅਨੰਦਦੁਰ ਸਾਹਿਬ ਵੀ ਸੜਕ ਉਤੇ ਹੀ ਹੈ। ਜੱਥੇ ਦੀ ਰਿਹਾਇਸ਼, ਲੰਗਰ ਅਤੇ ਕੀਰਤਨ ਦਾ ਪ੍ਰਬੰਧ ਇਸ ਕਾਲਜ ਵਿਚ ਹੀ ਹੋਵੇਗਾ।

ਸੰਗਤਾਂ ਦਾਸ ਦਾਸ—ਹਰਿਚਰਨ ਸਿੰਘ,
3032, ਸੈਕਟਰ 19 ਡੀ, ਚੰਡੀਗੜ੍ਹ।

---

*ਭਾਈ ਅਤਰ ਸਿੰਘ ਜੀ ਨਾਲ ਹੀ ਸਨ, ਪ੍ਰਸ਼ਾਦੇ ਦੀ ਸੇਵਾ ਮੁੜ ਇਹਨਾਂ ਨੇ ਹੀ ਨਿਭਾਈ। ਉਸ ਤੋਂ ਬਾਦ ਦਾਸ ਨੂੰ ਭਾਈ ਸਾਹਿਬ ਜੀ ਨੇ ਕਿਸੇ ਹਥ ਸੁਨੇਹਾ ਭੇਜਿਆ ਕਿ ਸਾਨੂੰ ਹੁਣ ਕਲ ਨੂੰ ਲੁਧਿਆਣੇ ਲਿਜਾ ਰਹੇ ਹਨ ਤੁਸੀਂ ਸਾਨੂੰ ਰਾਇਪੁਰ ਸਟੇਸ਼ਨ ਤੇ ਮਿਲੋ, ਦਾਸ ਤੇ ਮੁਨੀਸ਼ਰ ਹਰਬੰਸ ਸਿੰਘ ਜੀ, ਅਸੀਂ ਦੋਵੇਂ ਭਾਈ ਸਾਹਿਬ ਜੀ ਨੂੰ ਰਾਇਪੁਰ ਦੇ ਸਟੇਸ਼ਨ ਤੇ ਮਿਲੇ ਤੇ ਭਾਈ ਸਾਹਿਬ ਜੀ ਦੇ ਨਾਲ ਹੀ ਲੁਧਿਆਣੇ ਤਕ ਗਏ। ਭਾਈ ਸਾਹਿਬ ਜੀ ਨੂੰ ਤਾਂ ਕੁਤਵਾਲੀ ਵਿਚ ਬੰਦ ਕਰ ਦਿਤਾ ਗਿਆ। ਏਥੇ ਭੀ ਪ੍ਰਸ਼ਾਦੇ ਦੀ ਸੇਵਾ ਭਾਈ ਅਤਰ ਸਿੰਘ ਜੀ ਨੇ ਹੀ ਕੀਤੀ ਸੀ। ਕਈ ਪੁਰਸ਼ਾਂ ਨੇ ਭਾਈ ਅਤਰ ਸਿੰਘ ਜੀ ਨੂੰ ਕਿਹਾ ਤੂੰ ਹੁਣ ਆਪਣੇ ਇਲਾਕੇ ਨੂੰ ਚਲਾ ਜਾਹ ਤੈਨੂੰ ਕੋਈ ਨਹੀਂ ਜਾਣਦਾ ਤੂੰ ਕੈਦ ਤੋਂ ਬਚ ਰਹੇਂਗਾ ਪਰ ਭਾਈ ਅਤਰ ਸਿੰਘ ਜੀ ਨੇ ਕਿਹਾ ਮੈਂ ਹੁਣ ਕਿਤੇ ਨਹੀਂ ਜਾਣਾ, ਭਾਈ ਸਾਹਿਬ ਜੀ ਦੇ ਨਾਲ ਹੀ ਕੈਦ ਹੋਵਾਂਗਾ ਐਸਾ ਹੀ ਹੋਇਆ, ਇਹਨਾਂ ਨੂੰ ਭੀ ਸਾਡੇ ਨਾਲ ਉਮਰ ਕੈਦ ਕੀਤੀ ਗਈ। ਫਿਰ ਆਪ ਸ਼ਾਹੀ ਐਲਾਨ ਮੂਜਬ ਪਹਿਲਾਂ ਛੁਟ ਕੇ ਲੁਧਿਆਣੇ ਆਪਣੇ ਭਾਈ ਦੇ ਘਰ ਆ ਗਏ ਸਨ। ਫੇਰ ਆਪ ਕੁਝ ਸਮਾਂ ਪਟਿਆਲੇ ਰਹਿਣ ਪਿਛੋਂ ਜੋਧਪੁਰ ਚਲੇ ਗਏ ਤੇ ਉਥੇ ਹੀ ਆਪਣਾ ਮਕਾਨ ਪਾ ਕੇ ਰਿਹਾਇਸ਼ ਕਰ ਲਈ। ਹੁਣ ਬੀਮਾਰ ਹੋਣ ਤੇ ਇਹਨਾਂ ਦੇ ਭਤੀਜੇ ਸ: ਈਸ਼ਰ ਸਿੰਘ ਜੀ ਇਲਾਜ ਕਰਾਉਣ ਲਈ ਇਹਨਾਂ ਨੂੰ ਦਿਲੀ ਲੈ ਆਏ ਤੇ ਬਹੁਤ ਸੇਵਾ ਕੀਤੀ ਪਰ ਵਾਹਿਗੁਰੂ ਦੇ ਹੁਕਮ ਅਨੁਸਾਰ 85 ਸਾਲ ਦੀ ਆਯੂ ਭੋਗਕੇ ਚੜ੍ਹਾਈ ਕਰ ਗਏ।



www.AKJ.Org

# ਅਖੰਡ ਕੀਰਤਨ ਸਮਾਗਮ ਕੋਟਾ ਦਾ ਪਰੋਗਰਾਮ

12-3-70 ਵੀਰਵਾਰ—ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ, ਗੁ: ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ । ਪਾਠ ਰਹਿਰਾਸ ਸਾਹਿਬ ਤੋਂ ਉਪਰੰਤ ਕੀਰਤਨ 8 ਤੋਂ 10 ਵਜੇ ਰਾਤ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ ।

13-3-70 ਸ਼ੁਕਰਵਾਰ—ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਗੁਮਾਨਪੁਰਾ । ਪਾਠ ਰਹਿਰਾਸ ਸਾਹਿਬ ਤੋਂ ਉਪਰੰਤ ਕੀਰਤਨ 8 ਤੋਂ 10 ਵਜੇ ਰਾਤ, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਛਾਉਣੀ ਕੋਟਾ ।

14-3-70 ਸਨਿਚਰਵਾਰ—ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਕੋਟਾ ਜੰਕਸ਼ਨ । ਅਰੰਭ ਰੈਣ ਸਬਾਈ ਰਾਤੀਂ 8-30 ਵਜੇ ਗੁ: ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ । ਇਸਦਾ ਭੋਗ 15 ਮਾਰਚ ਐਤਵਾਰ ਸਵੇਰੇ 6 ਵਜੇ ਪਵੇਗਾ ।

ਅੰਮ੍ਰਿਤ ਸੰਚਾਰ—ਸਨਿਚਰਵਾਰ 14 ਮਾਰਚ 1970 ਤਿੰਨ ਵਜੇ ਦੁਪਹਿਰ ਪਿਛੋਂ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ ਵਿਖੇ ਅਰੰਭ ਹੋਵੇਗਾ । ਅਭਿਲਾਖੀ ਸਜਣ ਪੰਜ ਕਕਾਰੀ ਰਹਿਤ ਧਾਰਨ ਕਰ ਕੇ ਤੇ ਸਕੇਸ਼ ਇਸ਼ਨਾਨ ਕਰਕੇ ਸਮੇਂ ਸਿਰ ਪੁਜ ਜਾਣ ।

ਨੋਟ:— 1. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਸ੍ਰੀ ਗੁਰੂ ਸਿੰਘ ਸਭਾ ਕੋਟਾ ਜੰਕਸ਼ਨ ਦੇ ਪਾਸ ਹੋਵੇਗਾ ।

2. ਕੋਟਾ ਰੇਲਵੇ ਸਟੇਸ਼ਨ ਵੈਸਟਰਨ ਰੇਲਵੇ ਦੀ ਦਿਲੀ-ਬੰਬਈ ਮੇਨ ਲਾਇਨ ਤੇ ਹੈ ।

2. ਪਰੋਗਰਾਮ ਵਿਚ ਲੋੜ ਅਨੁਸਾਰ ਤਬਦੀਲੀ ਹੋ ਸਕਦੀ ਹੈ ।

ਪੁਛ-ਗਿਛ ਲਈ ਪਤੇ–(1) ਭਾਈ ਰਣਜੀਤ ਸਿੰਘ ਜੀ ਗੁਰਦਵਾਰਾ ਰੋਡ, ਕੋਟਾ–2

(2) ਭਾਈ ਹਰਜੀਤ ਸਿੰਘ (ਗਾਰਡ) ਬੋਹਰਾ ਬਿਲਡਿੰਗ ਦੇ ਲਾਗੇ, ਕੋਟਾ–2

ਦਰਸ਼ਨ ਅਭਿਲਾਖੀ–ਸੰਗਤ, ਕੋਟਾ (ਰਾਜਿਸਥਾਨ)


# ਦਮੇਂ ਦੇ ਭਿਆਨਕ ਰੋਗ ਤੋਂ ਛੁਟਕਾਰਾ

**ਦਮਾਂ ਸਾਹ ਦਾ ਚੜ੍ਹਨਾ, ਬਲ਼ਗਮੀ ਖਾਂਸੀ ਅਤੇ ਕਾਲੀ ਖਾਂਸੀ ਨਜ਼ਲਾ ਜ਼ੁਕਾਮ, ਖਾਂਸੀ ਦੇ ਰੋਗਾਂ ਦਾ ਇਲਾਜ ਤਸੱਲੀ ਬਖਸ਼ ਕੀਤਾ ਜਾਂਦਾ ਹੈ ।**

ਖ਼ਾਨਦਾਨੀ ਹਕੀਮ ਸੌ ਸਾਲਾ ਬਜ਼ੁਰਗਾਂ ਦੇ ਅਜ਼ਮੂਦਾ ਨੁਸਖ਼ਿਆਂ ਨਾਲ ਇਲਾਜ ਹੁੰਦਾ ਹੈ । ਦਮੇ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ । ਸਾਡੀ ਤਿਆਰ ਕੀਤੀ ਹੋਈ ਦਵਾ ਇਨ੍ਹਾਂ ਰੋਗਾਂ ਨੂੰ ਜੜ੍ਹੋਂ ਪੁਟ ਸਕਦੀ ਹੈ । ਦਵਾਈ ਪਹਿਲੇ ਦਿਨ ਹੀ ਆਪਣਾ ਅਸਰ ਦਿਖਾਂਦੀ ਹੈ ਹੇਠ ਲਿਖੇ ਪਤੇ ਤੇ ਮਿਲੋ ਜਾਂ ਲਿਖੋ ।

ਨੋਟ:–ਸਾਡੇ ਨਾਮ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ । ਇਨ੍ਹਾਂ ਨਕਲਚੀਆਂ ਤੋਂ ਬਚੋ। ਖ਼ਾਨਦਾਨੀ ਹਕੀਮ ਡਾ; ਐਚ. ਐਸ. ਕਟਾਰੀਆ

## ਕਟਾਰੀਆ ਸ਼ਫ਼ਾਖ਼ਾਨਾ

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ**


www.AKJ.Org

# ਗੁਰਪੁਰਬ ਮਨਾਉਂਦਿਆਂ ਪ੍ਰਤੱਗਿਆ

(ਵਲੋਂ–ਭਾਈ ਜਗਤ ਸਿੰਘ 'ਜਗਤ' ਫਤੋਵਾਲ)

ਆਪਣਿਆਂ ਸਤਿਗੁਰੂਆਂ ਸੰਤਾਂ ਤੇ ਭਗਤਾਂ ਦੀ ਪਵਿਤ੍ਰ ਬਾਣੀ ਤੋਂ ਜੋ ਉਹਨਾਂ ਨੂੰ ਅਕਾਲ ਪੁਰਖ ਤੋਂ ਪ੍ਰਾਪਤ ਹੋਈ ਸਾਨੂੰ ਇਹ ਭਲੀ ਭਾਂਤ ਸਿਧ ਹੋ ਜਾਂਦਾ ਹੈ ਕਿ ਕੁਦਰਤ ਕਰਤਾਰ ਨੇ ਪੌਣ ਪਾਣੀ ਅੱਗ ਤੇ ਮਿਟੀ ਦੀ ਮਿਲਾਵਟ ਵਿਚ ਆਪਣੀ ਅਗੱਮੀ ਸ਼ਕਤੀ ਦਾਖ਼ਲ ਕਰਕੇ ਇਸ ਇਨਸਾਨ ਨੂੰ ਆਪਣੀ ਅਕਲ ਸ਼ਕਲ ਬਖਸ਼ ਕੇ ਸੰਸਾਰ ਵਿਚ ਜ਼ਹੂਰ ਪਜ਼ੀਰ ਕੀਤਾ। ਅਫਸੋਸ! ਇਹ ਪੌਣ ਦਾ ਪੁਤਲਾ ਮਾਤਾ ਦੇ ਗਰਭ ਚੋਂ ਬਾਹਰ ਆ ਕੇ ਉਸ ਰੱਬੀ ਯਾਦ ਤੋਂ ਅਵੇਸਲਾ ਹੋ ਬਹਿੰਦਾ ਹੈ। ਇਸ ਕਿਰਮ ਜੰਤ ਨੂੰ ਪੁਠੇ ਲਟਕਣ ਦਾ ਚੇਤਾ ਨਹੀਂ ਰਹਿੰਦਾ। ਜਿਵੇਂ ਸਾਡੇ ਗੁਰਦੇਵ ਜੀ ਫ਼ਰਮਾਂਦੇ ਹਨ ਕਿ–

ਵਿਚੋ ਗਰਭੈ ਨਿਕਲ ਆਇਆ।
ਦੀਨ ਛੋਡ ਦੁਨੀ ਚਿਤ ਲਾਇਆ।

ਭਾਵ ਇਸ ਜੀਵਨ ਨੂੰ ਦੁਨੀਆਵੀ ਪੌਣ ਹਉਮੈਂ ਵਿਚ ਲਪੇਟ ਲੈਂਦੀ ਹੈ ਤੇ ਇਹ ਝੂਠੀਆਂ ਰਿਸ਼ਤੇਦਾਰੀਆਂ ਦਾ ਸ਼ਿਕਾਰ ਹੋ ਬੈਠਦਾ ਹੈ। ਮਗਰ ਜਿਸ ਤੇ ਅਕਾਲ ਪੁਰਖ ਜੀ ਦੀ ਕਿਰਪਾ ਹੋਵੇ ਉਹ ਆਪਣੀ ਸਚੀ ਮੰਜ਼ਲ ਨੂੰ ਹਰ ਸੁਆਸ ਗਿਰਾਸ ਯਾਦ ਰਖਦਾ ਹੈ।

ਅਕਾਲ ਪੁਰਖ ਜੀ ਨੇ ਇਨਸਾਨ ਨੂੰ ਸਚੇ ਮਾਰਗ ਤੇ ਚਲਾਉਣ ਲਈ ਆਪਣੀ ਸ਼ਕਤੀ ਨੂੰ ਇਸ ਮਾਤ ਲੋਕ ਵਿਚ ਜੁਗੋ ਜੁਗ ਘਲਿਆ। ਉਹ ਰੱਬੀ ਜੋਤ ਆਪਣੇ ਆਪ ਤੋਂ ਪ੍ਰਕਾਸ਼ ਹੋਈ ਜਿਸ ਦਾ ਸ਼ਰੀਕ ਦੂਜਾ ਕੋਈ ਨਾ ਹੋ ਸਕਿਆ, ਉਹ ਸਚ ਸਰੂਪ ਵਿਅਕਤੀ ਜਿਹੜੀ ਆਦਿ ਸਚੁ ਹੈ ਭੀ ਸਚੁ ਜੁਗਾਦਿ ਸਚੁ ਨਾਨਕ ਹੋਸੀ ਭੀ ਸਚੁ ਉਹੀ 'ਸਤਿਗੁਰੂ' ਦੇ ਪਵਿਤਰ ਨਾਮ ਨੂੰ ਪ੍ਰਾਪਤ ਹੋ ਸਕਦੀ ਹੈ। ਜੁਗਾਂ ਜੁਗਾਂ ਦੀ ਕਿਰਤ ਕਮਾਈ ਤੇ ਨਾਮ ਅਭਿਆਸ ਨਾਲ ਹੀ ਕੋਈ ਵਿਰਲਾ ਜਨ ਹੀ ਸਤਿਗੁਰੂ ਦੀ ਕਲਾ ਕਮਾਲ ਨੂੰ ਅਪੜ ਸਕਦਾ ਹੈ। ਅਕਾਲ ਪੁਰਖ ਵਾਹਿਗੁਰੂ ਜੋਤੀ ਸਰੂਪ ਨੇ ਆਪਣੇ ਭਗਤ ਪਿਆਰਿਆਂ ਦੀ ਰਖਿਆ ਲਈ ਹੀ ਨਿਰਾਕਾਰ ਤੋਂ ਆਕਾਰ ਧਾਰਿਆ ਤੇ ਸਤਿਗੁਰੂ ਪ੍ਰਗਟਾਏ। ਸਤਿਜੁਗ ਵਿਚ ਨਰਸਿੰਘ ਰੂਪ ਜ਼ਾਹਿਰ ਕੀਤਾ ਤੇ ਪਿਆਰੇ ਭਗਤ ਪ੍ਰਹਿਲਾਦ ਦੀ ਰਖਿਆ ਕੀਤੀ ਤੇ ਦੁਸ਼ਟ ਹਰਨਾਖਸ਼ ਦਾ ਨਾਸ ਕੀਤਾ। ਦੁਆਪਰ ਵਿਚ ਦਰੋਪਦੀ ਦੀ ਲਾਜ ਰੱਖੀ ਤੇ ਦਰਯੋਧਨ ਅਭਿਮਾਨੀ ਦਾ ਖੁਲ੍ਹੇ ਮੈਦਾਨ ਹੰਕਾਰ ਤੋੜਿਆ। ਤਰੇਤੇ ਯੁਗ ਵਿਚ ਰਾਵਨ ਪਾਪੀ ਨੂੰ ਸੋਧ ਕੇ ਸੀਤਾ ਦੇ ਸਤਿ ਧਰਮ ਨੂੰ ਬਚਾਇਆ।

ਚੌਥਾ ਯੁਗ ਕਲਯੁਗ ਦੇ ਰੂਪ ਵਿਚ ਨਜ਼ਰੀਂ ਆਇਆ ਤੇ ਇਸ ਭਿਆਨਕ ਯੁਗ ਨੂੰ ਸਿਧਿਆਂ ਕਰਨ ਲਈ ਅਕਾਲ ਪੁਰਖ ਜੀ ਨੇ ਸਤਿਗੁਰ ਨਾਨਕ ਦੇਵ ਜੀ ਨੇ ਪੂਰਨ ਅਧਿਕਾਰ ਤੇ ਸਤਿਕਾਰ ਬਖ਼ਸ਼ ਕੇ ਇਸ ਮਾਤ ਲੋਕ ਵਿਚ ਹਿੰਦੁਸਤਾਨ ਦੀ ਪਵਿੱਤਰ ਧਰਤੀ ਪੰਜਾਬ ਦੇ ਇਕ ਉਘੇ ਪਿੰਡ ਤਲਵੰਡੀ ਵਿਚ ਪ੍ਰਗਟ ਕੀਤਾ। ਭਾਈ ਗੁਰਦਾਸ ਜੀ ਨੇ ਸਤਿਗੁਰ ਨਾਨਕ ਦੇਵ ਜੀ ਦੀ ਆਮਦ ਨੂੰ ਫੁਲ ਚੜ੍ਹਾਂਦਿਆਂ ਆਪਣੀ ਪਵਿੱਤਰ ਵਾਰ ਵਿਚ ਕਿਆ ਸੋਹਣਾ ਚਿਤਰ ਉਲੀਕਿਆ ਹੈ, ਆਓ ਆਪਾਂ ਇਕ ਵਾਰ ਫਿਰ ਆਪਣੀ ਰਸਨਾ ਰਾਹੀਂ ਗਾਇਨ ਕਰੀਏ–



www.AKJ.Org

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਦੁ ਜਗਿ ਚਾਨਣੁ ਹੋਆ ।
ਜਿਉ ਕਰਿ ਸੂਰਜੁ ਨਿਕਲਿਆ,
ਤਾਰੇ ਛਪੇ ਅੰਧੇਰੁ ਪਲੋਆ ।
ਸਿੰਘ ਬੁਕੇ, ਮਿਰਗਾਵਲੀ
ਭੰਨੀ ਜਾਇ ਨ ਧੀਰਿ ਧਰੋਆ ।
ਜਿਥੈ ਬਾਬਾ ਪੈਰ ਧਰੈ,
ਪੂਜਾ ਆਸਣੁ ਥਾਪਣਿ ਸੋਆ ।
ਸਿਧ ਆਸਣਿ ਸਭਿ ਜਗਤ ਦੇ,
ਨਾਨਕ ਆਦਿ ਮਤੇ ਜੇ ਕੋਆ ।
ਘਰਿ ਘਰਿ ਅੰਦਰਿ ਧਰਮਸਾਲ,
ਹੋਵੈ ਕੀਰਤਨੁ ਸਦਾ ਵਿਸੋਆ ।
ਬਾਬੇ ਤਾਰੇ ਚਾਰਿ ਚਕਿ,
ਨਉਖੰਡਿ ਪ੍ਰਿਥਮੀ ਸਚਾ ਢੋਆ ।
ਗੁਰਮੁਖਿ ਕਲਿ ਵਿਚਿ ਪਰਗਟਿ ਹੋਆ ।

ਵਾਹ ! ਕੁਰਬਾਨ ਭਾਈ ਸਾਹਿਬ ਜੀ ਦੇ ਪਵਿਤ੍ਰ ਕਲਾਮ ਤੋਂ ਕਿਆ ਸੋਹਣਾ ਨਕਸ਼ਾ ਗੁਰੂ ਜੀ ਦੇ ਪ੍ਰਕਾਸ਼ ਬਾਰੇ ਸਾਡੇ ਸਾਹਮਣੇ ਰਖਿਆ ਹੈ । ਗੁਰੂ ਨਾਨਕ ਦੇਵ ਜੀ ਦੀ ਆਮਦ ਤੋਂ ਪਹਿਲਾਂ ਮਨੁਖਤਾ ਦੇ ਮਨਾਂ ਉਤੇ ਹਉਮੈ ਦੀ ਧੁੰਦ ਪੈ ਚੁਕੀ ਸੀ ਤੇ ਜਦੋਂ ਸਤਿਗੁਰੂ ਪ੍ਰਗਟ ਹੋਏ ਤਾਂ ਸਾਰੇ ਜਹਾਨ ਤੋਂ ਹਉਮੈ ਦੀ ਧੁੰਦ ਮਿਟ ਗਈ ਤੇ ਗਿਆਨ ਰੂਪੀ ਏਕਤਾ ਦਾ ਚਾਨਣ ਹੋ ਗਿਆ । ਮਨੁਖਤਾ ਜਾਗ ਉਠੀ ਤੇ ਗੁਰੂ ਬਾਬਾ ਜੀ ਦੀ ਬਰਕਤ ਨਾਲ ਝੂਠ ਤੇ ਪਾਪ ਇਵੇਂ ਗਾਇਬ ਹੋਣ ਲਗੇ ਜਿਵੇਂ ਸੂਰਜ ਨਿਕਲਣ ਤੇ ਤਾਰੇ ਛਿਪ ਜਾਂਦੇ ਹਨ ਤੇ ਅੰਧੇਰਾ ਕੁਛਾਂ ਕੋਨਿਆਂ ਚੋਂ ਦੂਰ ਹੋ ਜਾਂਦਾ ਹੈ ਵਿਕਾਰੀ ਪੰਜੇ ਭੂਤਨੇ ਇਨਸਾਨਾਂ ਤੋਂ ਇਉਂ ਭੱਜਣ ਲਗੇ ਜਿਵੇਂ ਸ਼ੇਰ ਬੁਕਣ ਤੇ ਜੰਗਲ 'ਚੋਂ ਮਿਰਗਾਵਲੀ ਭਜ ਉਠਦੀ ਏ । ਸਤਿਗੁਰ ਨਾਨਕ ਦੇਵ ਜੀ ਦੀ ਪਵਿਤਰ ਜੋਤ ਨੇ ਜਿਥੇ ਜਿਥੇ ਪਵਿੱਤਰ ਕਦਮ ਆਣ ਟਿਕਾਇਆ ਉਹ ਧਰਤੀ ਹਰਿਆਵਲੀ ਹੋ ਗਈ ਤੇ ਉਹ ਥਾਂ ਪੂਜਣ ਯੋਗ ਹੋ ਗਈ ਜਿਥੇ ਗੁਰੂ ਬਾਬਾ ਜੀ ਨੇ ਪੈਰ ਧਰਿਆ ।

ਅਕਾਲ ਪੁਰਖ ਜੀ ਨੇ ਸਤਿਗੁਰ ਨਾਨਕ ਦੇਵ ਜੀ ਨੂੰ ਉਹ ਵਡਿਆਈ ਤੇ ਸੱਚੀ ਟਕਸਾਲ ਬਖਸ਼ੀ ਜਿਸ ਨੂੰ ਛੇ ਜਤੀ ਨੌ ਨਾਥ ਚੌਰਾਸੀ ਸਿਧ ਤਰਸ ਰਹੇ ਸਨ । ਸਾਰੀ ਸਰਿਸ਼ਟੀ ਦੇ ਸਿਧ ਲੋਕ ਗੁਰੂ ਨਾਨਕ ਦੇਵ ਜੀ ਦੀ ਸੱਚੀ ਰੀਝ ਨੂੰ ਨਾ ਛੋਹ ਸਕੇ । ਗੁਰੂ ਨਾਨਕ ਦੇਵ ਜੀ ਦੇ ਆਉਣ ਨਾਲ ਹਰਿ ਇਕ ਘਰ ਧਰਮਸਾਲਾ ਦਾ ਰੂਪ ਹੋ ਬੈਠਾ ਜਿਥੇ ਖੁਸ਼ੀਆਂ ਭਰੇ ਰੱਬੀ ਬਾਣੀ ਦੇ ਕੀਰਤਨ ਆਨ ਜਲਵਾਗਰ ਹੋਏ । ਕਾਦਿਰ ਕਰਤਾਰ ਨੇ ਸਚੇ ਗੁਰਦੇਵ ਨੂੰ ਐਸੀ ਨਾਮ ਦੀ ਸ਼ਕਤੀ ਬਖਸ਼ੀ ਜਿਸ ਨੇ ਚਾਰ ਚੱਕ ਧਰਤੀ ਨੂੰ ਤਾਰ ਛਡਿਆ ਤੇ ਨੌ ਖੰਡ ਪ੍ਰਿਥਮੀ ਨੂੰ ਇਲਾਹੀ ਪੈਗਾਮ ਸਤਿਨਾਮ ਦਾ ਢੋਆ ਬਖਸ਼ਿਆ । ਕਲਜੁਗ ਵਿਚ ਗੁਰਮੁਖ ਨੇ ਪ੍ਰਗਟ ਹੋ ਕੇ ਏਕਤਾ ਦਾ ਮੀਂਹ ਬਾਣੀ ਦੇ ਰੂਪ ਵਿਚ ਆਨ ਵਰਸਾਇਆ ।

ਸਤਿਗੁਰ ਨਾਨਕ ਦੇਵ ਜੀ ਨੇ ਛੋਟੀ ਉਮਰ ਵਿਚ ਹੀ ਅਨੇਕਾਂ ਕੌਤਕ ਵਰਤਾਏ । ਆਪ ਦੇ ਪਿਤਾ ਕਾਲੂ ਤੇ ਮਾਤਾ ਤਰਿਪਤਾ ਨੇ ਜਦੋਂ ਪੰਡਿਤ ਪਾਂਧੇ ਨੂੰ ਆਪ ਦੇ ਜੰਞੂ ਪਾਉਣ ਲਈ ਲਿਆਂਦਾ ਤਾਂ ਗੁਰੂ ਜੀ ਨੇ ਉਸ ਨੂੰ ਅਕਾਲੀ ਬਾਣੀ ਰਾਹੀਂ ਸਚ ਦਾ ਜੰਞੂ ਪੌਣ ਲਈ ਪ੍ਰੇਰਿਆ ਤਾਂ ਪਾਂਧਾ ਪ੍ਰਨਾਮ ਕਰਕੇ ਆਪਣੇ ਘਰ ਨੂੰ ਚਲਾ ਗਿਆ ਤੇ ਵੇਖਣ ਵਾਲਿਆਂ ਨੂੰ ਬੜੀ ਹੈਰਾਨੀ ਹੋਈ । ਗੁਰੂ ਜੀ ਨੂੰ ਫਨੀਅਰ ਨਾਗਾਂ ਦੀ ਕੀਤੀ ਛਾਇਆ ਵੇਖ ਕੇ ਰਾਏਬੁਲਾਰ ਹੋਰਾਂ ਪਰਤੱਖ ਖਿਆਲ ਕੀਤਾ ਸੀ ਕਿ ਕਾਲੂ ਦਾ ਪੁਤਰ ਨਾਨਕ ਸਾਰੀ ਦੁਨੀਆਂ ਦਾ ਸਾਂਝਾ ਪੀਰ ਹੋਵੇਗਾ ਗੁਰੂ ਨਾਨਕ ਜੀ ਨੇ ਸੱਚਾ ਸੌਦਾ ਕਰਕੇ ਬੇਸ਼ਕ ਪਿਤਾ ਕਾਲੂ ਪਾਸੋਂ ਝਿੜਕਾਂ ਖਾਦੀਆਂ ਮਗਰ ਸੰਸਾਰ ਨੂੰ ਸਚੇ ਮਾਰਗ ਤੇ ਚਲਾਣ ਦੀਆਂ ਲੀਹਾਂ ਉਲੀਕ ਛੱਡੀਆਂ ।

ਬੇਬੇ ਨਾਨਕੀ ਜੀ ਨੇ ਆਪਣੇ ਵੀਰ ਗੁਰੂ ਨਾਨਕ ਦੇਵ ਨਾਲ ਅਕਹਿ ਪਿਆਰ ਕਰਕੇ ਸਚਾ ਨਿਘ ਮਾਣਿਆ ਜਿਸ ਦਾ ਸਦੀਕਾ ਅਜ ਸੁਲਤਾਨ-ਪੁਰ ਗੁਰੂ ਜੀ ਦੇ ਪਿਆਰਾਂ ਦਾ ਕੇਂਦਰ ਬਣਦਾ ਜਾ ਰਿਹਾ ਏ । ਸੁਲਤਾਨਪੁਰ ਵਿਚ ਬਾਬਾ ਜੀ ਨੇ ਲੋਧੀ ਸੁਲਤਾਨ ਦੀ ਨੌਕਰੀ ਖਜਾਈ ਤੇ ਧਰਮ


www.AKJ.Org

ਕੰਡਾ ਤੋਲ ਕੇ ਇਕ ਸ਼ਾਨਦਾਰ ਪਾਰਟ ਅਦਾ ਕੀਤਾ। ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸਚੇ ਮਾਰਗ ਤੇ ਲਿਆਉਣ ਦਾ ਢੰਡੋਰਾ ਫੇਰਿਆ। ਸਿਧਾਂ ਨਾਥਾਂ ਨੂੰ ਗੁਰੂ ਬਾਬਾ ਜੀ ਨੇ ਬੜੀ ਤਾੜਨਾ ਕੀਤੀ ਤੇ ਇਲਾਹੀ ਬਾਣੀ ਨਾਲ ਉਹਨਾਂ ਦੇ ਹੰਕਾਰ ਨੂੰ ਪਛਾੜਿਆ। ਬਾਬਾ ਜੀ ਨੇ ਖੁੰਦਰਾਂ ਵਿਚ ਤਪ ਕਰਦਿਆਂ ਯੋਗੀ ਜਨਾਂ ਨੂੰ ਹਲੂਣ ਕੇ ਆਖਿਆ ਕਿ ਤੁਸੀਂ ਤਾਂ ਜ਼ਾਲਿਮ ਜਾਬਰਾਂ ਤੋਂ ਡਰਦੇ ਪਹਾੜਾਂ ਤੇ ਚੜ ਛਿਪੇ ਹੋ ਗਊ ਗਰੀਬਾਂ ਨੂੰ ਕਉਨ ਬਚਾਏ। ਘਰਾਂ ਨੂੰ ਛਡਿ ਕੇ ਨਾਮ ਦੀ ਪ੍ਰਾਪਤੀ ਨਹੀਂ ਹੋਣੀ ਗੁਰਦੇਵ ਜੀ ਨੇ ਗੋਰਖ ਨਾਥ ਵਰਗਿਆਂ ਨੂੰ ਆਪਣੀ ਕਲਾ ਦੁਆਰ ਭੈ ਭੀਤ ਕਰ ਛਡਿਆ ਸੀ। ਗੁਰੂ ਨਾਨਕ ਦੇਵ ਜੀ ਨੇ ਛੇ ਜਤੀ ਨੌਂ ਨਾਥ ਚੋਰਾਸੀ ਸਿਧਾਂ ਤੇ ਤੇਤੀ ਕਰੋੜ ਦੇਵਤਿਆਂ ਤੇ ਵਡਿਆਈ ਪਾ ਕੇ ਤਰਲੋਕੀ ਵਿਚ ਚਕਰ ਲਾਇਆ ਅਜ ਤੀਕ ਦੁਨੀਆਂ ਆਪ ਦੇ ਪੂਰਨੇ ਖੋਜ ਰਹੀ ਹੈ।

ਬਾਬਰ ਜਿਹਾਂ ਨੂੰ ਸੱਚੇ ਮਾਰਗ ਤੇ ਲਿਆਉਣ ਦਾ ਜਜ਼ਬਾ ਗੁਰੂ ਨਾਨਕ ਦੇਵ ਜੀ ਨੂੰ ਹੀ ਪ੍ਰਾਪਤ ਹੋਇਆ ਸੀ। ਕਾਜ਼ੀਆਂ ਪੰਡਤਾਂ ਦੇ ਭਰਮੀ ਜਾਲ ਗੁਰੂ ਬਾਬਾ ਜੀ ਨੇ ਤੋੜ ਕੇ ਆਪਣੀ ਸਿਖਿਆ ਦੁਆਰਾ ਸਿਖੀ ਪੰਥ ਤਿਆਰ ਕੀਤਾ ਜ਼ਿਹੜ ਦਸਵੇਂ ਜਾਮੇ ਵਿਚ ਖਾਲਸਾ ਰੂਪ ਵਿਚ ਪ੍ਰਗਟ ਹੋਇਆ। ਗੁਰੂ ਨਾਨਕ ਦੇਵ ਜੀ ਨੇ ਬੇਗਾਨਾ ਹੱਕ ਖਾਣਾ ਹੀ ਸੂਰ ਗਾਏ ਖਾਣ ਦੇ ਤੁਲ ਕਿਹਾ ਜੈਸਾ ਕਿ 'ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ।' ਏਸੇ ਲਈ ਆਪ ਜੀ ਨੇ ਕੌਤਕ ਦਰਸਾਏ ਵਰਸਾਏ। ਭਾਈ ਲਾਲੋ ਦੀ ਧਰਮ ਦੀ ਕਿਰਤ ਵਿਚੋਂ ਗੁਰਦੇਵ ਜੀ ਨੇ ਦੁਧ ਕਢਿਆ ਤੇ ਮਲਕ ਭਾਗੋ ਦੇ ਪਾਪੀ ਭਰਿਸ਼ਟੀ ਭੋਜਨਾਂ ਵਿਚੋਂ ਲਹੂ ਉਛਾਲਿਆ ਸੀ। ਹਿੰਦੂਆਂ ਵਿਚ ਪਥਰ ਪੂਜਨ ਦੀ ਝੂਠੀ ਰੀਤੀ ਨੂੰ ਗੁਰੂ ਦੇਵ ਜੀ ਨੇ ਰਦ ਕੀਤਾ। ਮੁਸਲਮਾਨਾਂ ਨੂੰ ਵਹਿਮ ਸੀ ਕਿ ਖੁਦਾ ਪਛਮ ਦੀ ਤਰਫ਼ ਵਸਦਾ ਹੈ ਏਸੇ ਲਈ ਸਚੇ ਪਹਿਰੇਦਾਰ ਨੇ ਜੀਵਨ ਕਾਜ਼ੀ ਦੇ ਹੰਕਾਰ ਨੂੰ ਤੋੜਨ ਲਈ ਮੱਕੇ ਨੂੰ ਚਾਰ ਚੁਫੇਰੇ ਘੁਮਾ ਦਿਤਾ ਸੀ। ਵਲੀ ਕੰਧਾਰੀ ਦੇ ਮਗਰੂਰ ਦਿਮਾਗ ਨੂੰ ਸ਼ਾਂਤ ਦੇਣ ਲਈ ਸਾਡੇ ਸਤਿਗੁਰੂ ਨੇ ਪ੍ਰਬਤ ਨੂੰ ਪੰਜੇ ਤੇ ਠਲਿਆ ਸੀ ਜਿਹੜਾ ਅਜ ਤੀਕ ਪੰਜਾ ਸਾਹਿਬ ਦੇ ਨਾਮ ਨਾਲ ਮਸ਼ਹੂਰ ਹੈ।

ਗੁਰੂ ਨਾਨਕ ਦੇਵ ਜੀ ਜਿਥੇ ਵੀ ਬੈਠੇ ਉਥੇ ਆਪਣੀ ਪਵਿਤਰ ਬਾਣੀ ਦਾ ਕਮਾਲ ਬਖੇਰਦੇ ਗਏ। ਕੌੜੇ ਰੀਠੇ ਵੀ ਆਪ ਨੇ ਮਿਠੇ ਕਰ ਛਡੇ। ਗੁਰੂ ਬਾਬਾ ਜੀ ਦੇ ਕੌਤਕਾਂ ਦਾ ਕੋਈ ਅੰਤ ਨਹੀਂ ਪਾ ਸਕਦਾ। ਧਨ ਸਿਦਕੀ ਮਰਦਾਨਾ ਰਬਾਬੀ ਜਿਸ ਸਾਰਾ ਜੀਵਨ ਆਪਣੇ ਗੁਰਦੇਵ ਦੇ ਚਰਨਾਂ ਵਿਚ ਗੁਜ਼ਾਰਿਆ। ਸਤਿਗੁਰ ਨਾਨਕ ਦੇਵ ਜੀ ਦੀ ਮਹਾਨ ਦੇਣ, ਆਪਣੀ ਜੁਗਾਂ ਜੁਗਾਂ ਦੀ ਕੀਤੀ ਤਪੱਸਿਆ ਆਪਣੇ ਨਿਜੀ ਸੇਵਕ ਲਹਿਣਾ ਜੀ ਨੂੰ ਗੁਰਗੱਦੀ ਬਖਸ਼ਣਾ ਇਕ ਅਭੁਲ ਯਾਦ ਹੈ। ਇਹ ਵਡਿਆਈ ਵੀ ਗੁਰੂ ਦਿਆਂ ਸਿਖਾਂ ਨੂੰ ਪ੍ਰਾਪਤ ਹੈ ਕਿ ਉਹਨਾਂ ਨੇ ਆਪਣੇ ਗੁਰੂ ਦੇ ਹੁਕਮਾਂ ਨੂੰ ਪਾਲ ਕੇ ਉਹ ਅਮੋਲਿਕ ਨਾਮ ਦੀ ਦਾਤ ਪ੍ਰਾਪਤ ਕਰ ਲਈ ਜੋ ਉਹਨਾਂ ਦੇ ਪੁਤਰ ਨਾ ਪ੍ਰਾਪਤ ਕਰ ਸਕੇ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਵਡੀ ਬਖਸ਼ਸ਼ ਮਨੁਖਤਾ ਦੀ ਏਕਤਾ ਲਈ ਇਹ ਕੀਤੀ ਕਿ ਉਹਨਾਂ ਸਰਬਤ ਦੇ ਭਲੇ ਦਾ ਹੋਕਾ ਧੁਰ ਦੀ ਬਾਣੀ ਰਾਹੀਂ ਦਿਤਾ। ਇਹਨਾਂ ਤੋਂ ਪਹਿਲਾਂ ਕਿਸੇ ਵੀ ਅਵਤਾਰ ਜਾਂ ਪੈਗੰਬਰ ਨੇ ਸਰਬਤ ਦੇ ਭਲੇ ਦਾ ਨਾਅਰਾ ਨਹੀਂ ਲਾਇਆ। ਗੁਰੂ ਨਾਨਕ ਦੇਵ ਜੀ ਨੇ ਇਨਸਾਨ ਤੇ ਭਗਵਾਨ ਦੇ ਲੰਬੇ ਪਾੜੇ ਨੂੰ ਇਕ ਛਿਨ ਵਿਚ ਇਕ ਮਿਕ ਕਰਕੇ ਸਦਾ ਲਈ ਚਾਨਣਾ ਕਰ ਦਿਤਾ। ਅਗੱਮੀ ਕੀਰਤਨੀ ਧੁਨਾਂ ਨਾਲ ਕਲਜੁਗ ਨੂੰ ਜੋੜਿਆਂ ਵਿਚ ਖੜਾ ਕਰ ਦੇਣਾ ਅਰਸ਼ੀ ਪ੍ਰੀਤਮ ਗੁਰੂ ਨਾਕਕ ਦੇਵ ਜੀ ਦਾ ਕਮਾਲ ਹੈ। ਗੁਰੂ ਨਾਨਕ ਪੂਰੇ ਵੈਦ ਸਨ ਉਹਨਾਂ ਦੇ ਪਾਸ ਹਉਮੈ ਨੂੰ ਦੂਰ ਕਰਨ ਲਈ ਨਾਮ ਰੂਪੀ ਮਕੱਮਲ ਦਾਰੂ ਸੀ। ਕੌਡਾ ਰਾਖਸ਼ ਆਦਮ ਖੋਰ ਸੀ ਉਸ ਦੇ ਤੇਲ ਦੇ ਤਪਦੇ ਕੜਾਹੇ ਠੰਡੇ ਕਰਨਾਂ ਪੂਰੇ ਸਤਿਗੁਰੂ ਦੀ ਸ਼ਕਤੀ ਸੀ। ਆਉ ਸਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਪੁਰਬ ਮਨਾਉਂਦਿਆਂ ਸਚੇ ਦਿਲੋਂ ਅਸੀਂ ਵੀ ਪ੍ਰਤਗਿਆ ਕਰੀਏ ਤੇ ਜੰਤਾ ਨੂੰ ਪਿਆਰੀਏ।



www.AKJ.Org

(੧) ਅੱਜ ਤੋਂ ਅਸੀਂ ਪ੍ਰਨ ਕਰਦੇ ਹਾਂ ਕਿ ਅਕਾਲ ਪੁਰਖ ਜੋਤੀ ਸਰੂਪ ਗੁਰੂ ਗਰੰਥ ਸਾਹਿਬ ਜੀ ਤੋਂ ਬਿਨਾਂ ਅਸੀਂ ਕਿਸੇ ਨੂੰ ਆਪਣਾ ਇਸ਼ਟ ਨਹੀਂ ਖਿਆਲ ਕਰਨਾ। ਗੁਰੂ ਉਪਦੇਸ਼ਾਂ ਤੇ ਚਲਣਾ ਹੀ ਸਾਡੀ ਭਗਤੀ ਹੈ।

(੨) ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਾਂ ਗੁਰੂਆਂ ਤੀਕ ਦੇਹ ਧਾਰੀ ਗੁਰੂ ਜਟਾ ਜੂਟ ਸਨ ਤਾਂ ਤੇ ਉਹਨਾਂ ਦਾ ਸਿਖ ਅਖਵਾਉਂਦਿਆਂ ਸਾਨੂੰ ਵੀ ਪ੍ਰਤਗਿਆ ਕਰਨੀ ਚਾਹੀਦੀ ਹੈ ਕਿ ਅਸੀਂ ਸਾਰੇ ਕੇਸਾਂ ਦਾੜ੍ਹੀਆਂ ਵਾਲੇ ਸਿਖ ਹੋਈਏ ਜਿਵੇਂ ਗੁਰੂ ਸਿਖ, ਸਿਖ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ। ਰਾਮ ਨਾਮ ਮਤ ਹਿਰਦੇ ਦੇਵੇ ਨਾਨਕ ਮਿਲਣ ਸਭਾਏ। ਜੇ ਕਰ ਗੁਰੂ ਦੀ ਮੂਰਤ ਸਾਡੇ ਹਿਰਦੇ ਵਿਚ ਨਾ ਵਸੀ ਤਾਂ ਉਹਨਾਂ ਦੇ ਪੁਰਬ ਮਨਾਉਣ ਦਾ ਸਚਾ ਅਨੰਦ ਸਾਨੂੰ ਕਿਵੇਂ ਪ੍ਰਾਪਤ ਹੋਵੇਗਾ।

(੩) ਅਜ ਤੋਂ ਅਸੀਂ ਪੰਜਾਂ ਪਿਆਰਿਆਂ ਦੀ ਅੰਮ੍ਰਿਤ ਕਲਾ ਨੂੰ ਸਿਰ ਝੁਕਾਦਿਆਂ ਪ੍ਰਨ ਕੀਤਾ ਹੈ ਕਿ ਗੁਰੂ ਕੇ ਪੰਜ ਪਿਆਰੇ ਹੀ ਨਾਮ ਦੀ ਸਚੀ ਜੋਤ ਜਗਾ ਸਕਦੇ ਹਨ ਉਹਨਾਂ ਤੋਂ ਖੰਡੇ ਦੀ ਪੋਹਲ ਛਕ ਕੇ ਨਾਮ ਧ੍ਰੀਕ ਦੇਹ ਧਾਰੀ ਗੁਰੂਆਂ ਨੂੰ ਗੁਰੂ ਪਦ ਤੋਂ ਹਟਾ ਕੇ ਸਿਖਾਂ ਦੀ ਸਫ ਤੇ ਬਿਠਾਣ ਦਾ ਹਈਆ ਕਰਦੇ ਹਾਂ। ਕੋਈ ਵੀ ਇਕਲਾ ਨਾਮ ਦਾ ਦਾਤਾ ਨਹੀਂ ਬਣ ਸਕਦਾ।

(੪) ਧੂਮਰ (ਤੰਬਾਕੂ) ਜਿਹੜਾ ਨਾਂ ਮੰਦਰ ਨਾਂ ਮਸਜਿਦ ਨਾਂ ਗਿਰਜੇ ਨਾਂ ਗੁਰਦੁਆਰੇ ਜਾ ਸਕਦਾ ਹੈ ਇਸ ਨੂੰ ਪੀਣ ਵਾਲਿਆਂ ਵਿਰੁਧ ਜੰਗ ਲੜਨਾ ਤਾਂ ਸਾਰੇ ਸੰਸਾਰ ਦਾ ਧਰਮ ਹੈ। ਇਸ ਗੰਦਗੀ ਨੇ ਸਕੇ ਭਰਾਵਾਂ ਵਿਚ ਸਿਰ ਧੜ ਦੀ ਬਾਜ਼ੀ ਲਾ ਛਡੀ ਹੈ।

(੫) ਅਜ ਕਲ ਸ਼ਰਾਬ ਦੀ ਵਰਤੋਂ ਇਤਨੀ ਵਧ ਗਈ ਹੈ ਜਿਸ ਨੂੰ ਰੋਕਣਾ ਇਕ ਪ੍ਰਾਬਲਮ ਬਣ ਗਿਆ ਹੈ ਇਸ ਨੂੰ ਹੁਣ ਅਕਾਲ ਪੁਰਖ ਹੀ ਰੋਕੇਗਾ।

(੬) ਆਓ ਆਪਣੀ ਅਣਖ ਨੂੰ ਕਾਇਮ ਰਖਣ ਲਈ ਬੇਗਾਨਾ ਹਕ ਨਾ ਖਾਈਏ ਤੇ ਧਰਮ ਦੀ ਕਿਰਤ ਕਰੀਏ ਨਾਮ ਜਪੀਏ ਤੇ ਵੰਡ ਕੇ ਛਕੀਏ ਇਸ ਵਿਚ ਦੇਸ਼ ਤੇ ਕੌਮ ਵਧੇ ਫੁਲੇਗੀ।


# ਜ਼ਿੰਦਗੀ ਤੋਂ ਨਿਰਾਸ ਹੋ ਚੁਕੇ ਕਮਜ਼ੋਰ ਮਰੀਜ਼ਾਂ ਦੀ ਆਖ਼ਰੀ ਆਸ

**ਸ਼ਾਦੀ ਤੋਂ ਪਹਿਲਾਂ ਜਾਂ ਸ਼ਾਦੀ ਤੋਂ ਬਾਅਦ ਕਮਜ਼ੋਰ ਮਰੀਜ਼ ਛੇਤੀ ਲਿਖੋ ਜਾਂ ਮਿਲੋ। ਪੇਸ਼ਾਬ ਦੀ ਹਰ ਬੀਮਾਰੀ ਦਾ ਤਸੱਲੀ ਬਖਸ਼ ਇਲਾਜ।**

**ਪਤਾ—ਸ ਨਿ ਆ ਸੀ ਦ ਵਾ ਖ਼ਾ ਨਾ**

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ ਫ਼ੋਨ 1327**





www.AKJ.Org

# ਸਰਬ ਸ਼ਕਤੀਮਾਨ ਖਾਲਸਾ ਪੰਥ

( ਵਲੋਂ–ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ )

ਪੁਰਾਤਨ ਗ੍ਰੰਥਾਂ ਵਿਚ ਧਰਮ ਦੇ ਦਸ ਅੰਗ ਮੰਨੇ ਹਨ । ਖਿਮਾਂ, ਅਹਿੰਸਾ, ਦਯਾ, ਮਰਿਧ, ਸਤਬਚਨ, ਤਪ, ਦਾਨ, ਸ਼ੀਲ, ਸੋਚ, ਤ੍ਰਿਸ਼ਨਾਂ ਬਿਨਾਂ ਧਰਮ ਲਿੰਗ ਦਸ ਜਾਣ ।

ਜਦੋਂ ਗੁਰਦੇਵ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ । ਉਸ ਵੇਲੇ ਕੋਈ ਮਜ਼ਹਬਾਂ ਦਾ ਘਾਟਾ ਨਹੀਂ ਸੀ। ਅਨੇਕਾਂ ਪੰਥ ਚਲੇ ਹੋਏ ਸਨ । ਇਹ ਗਿਣਤੀ ਪੂਰੀ ਕਰਨ ਵਾਸਤੇ ਪੰਥ ਨਹੀਂ ਸੀ ਸਾਜਿਆ, ਸਗੋਂ ਅਨੇਕਾਂ ਧਰਮਾਂ ਦੇ ਹੁੰਦਿਆਂ ਮਨੁਖ ਨਾ ਬਣ ਸਕਿਆ ਜਿਸ ਕਰਕੇ ਦੇਸ਼ ਅਧੋਗਤੀ ਵਲ ਜਾ ਰਿਹਾ ਸੀ। ਮਹਾਰਾਜ ਜੀ ਨੂੰ ਇਕੋ ਮਨੁਖ ਨੂੰ ਖਾਲਸ ਖਾਲਸਾ ਬਣਾ ਕੇ ਦਸ ਅੰਗੀ ਧਰਮ ਦੀ ਰਾਖੀ ਵਾਸਤੇ ਸਾਜਨਾ ਕੀਤੀ, ਨਹੀਂ ਤੇ ਹਰ ਇਕ ਧਰਮ ਅਧੂਰਾ ਸੀ, ਜਿਹਾ ਕਿ ਕਿਸੇ ਨੇ ਧਰਮ ਦਾ ਕੋਈ ਧਾਰਨ ਕਰਕੇ ਸਮਝ ਲਿਆ ਉਹ ਪੂਰਾ ਧਰਮੀ ਬਣ ਗਿਆ ਹੈ ।

ਵੈਸ਼ਨਵ ਨੇ ਅਹਿੰਸਾ ਦਾ ਪ੍ਰਚਾਰ ਕੀਤਾ । ਚੰਗਾ ਸੀ ਪਰ ਸੇਵਾ ਨਾ ਕਰ ਸਕਿਆ ਦੁਖੀ ਮਜ਼ਲੂਮ ਦੀ ।

ਖਿਮਾਂ ਚੰਗੀ ਸੀ ਜੀਵਾਂ ਤੇ ਕਰਨੀ ਪਰ ਧਰਮ ਨਾ ਬਚ ਸਕਿਆ ਜ਼ਾਲਮ ਦੇ ਜ਼ੁਲਮ ਤੋਂ । ਤਾਂ ਲੋੜ ਪਈ ਦਸ ਅੰਗੀ ਧਰਮ ਦਾ ਸਰੂਪ ਖਾਲਸਾ ਸਾਜਨ ਦੀ । ਜੋ ਸੰਤ ਸਿਪਾਹੀ ਰਾਜ ਜੋਗੀ ਇਕੋ ਰੂਪ ਵਿਚ ਹੋ ਸਕੇ ।

(੧) ਖਿਮਾਂ ਸਖਾਈ ਖਾਲਸੇ ਨੂੰ ਜਦੋਂ ਕਿਸੇ ਵਡੇ ਤੋਂ ਵਡੇ ਜ਼ਾਲਮ ਨੇ ਆਪਣੇ ਜ਼ੁਲਮ ਤੋਂ ਪਸਚਾ-ਤਾਪ ਕੀਤਾ ਤਾ ਬਖਸ਼ ਦਿਤਾ ਉਸਨੂੰ ਬਿਨਾ ਬਦਲਾ ਲੈਣ ਦੇ ।

(੨) ਅਹਿੰਸਾ ਚੰਗੀ ਹੈ ਜੀਆਂ ਤੇ ਦਯਾ ਕਰਨੀ ਇਹ ਗੁਣ ਸਿਖਾਇਆ ਕਿਸੇ ਨੂੰ, ਬਿਨਾਂ ਕਾਰਨ ਦੁਖ ਨਾ ਦਿਤਾ ਜਾਏ । ਇਥੋਂ ਤਕ ਸਤਵੇਂ ਪਾਤਸ਼ਾਹੀ ਜੀ ਨੇ ਇਕ ਫੁਲ ਦੇ ਟੁਟ ਜਾਣ ਨੂੰ ਵੀ ਬਿਨਾਂ ਲੋੜ ਦੇ ਤੋੜਨ ਦਾ ਏਡਾ ਪਸਚਾਤਾਪ ਕੀਤਾ ਜੋ ਸਾਰੀ ਉਮਰ ਅਪਣਾ ਚੋਗਾ ਬਸਤ੍ਰ ਕੁੰਜ ਕੇ ਟੁਰਿਆ ਕਰਦੇ ਰਹੇ ।

(੩) ਦਯਾ–ਅਪਣੇ ਖਾਲਸੇ ਵਿਚ ਕੁਟ ਕੁਟ ਕੇ ਭਰ ਦਿਤੀ ਕਿਸੇ ਗੈਰ ਸਿਖ ਦੀ ਧੀ ਭੈਣ ਨੂੰ ਜ਼ਾਲਮ ਤੋਂ ਬਚਾਨ ਵਿਚ ਗਰੇਜ਼ ਨਾ ਕੀਤਾ ਤੇ ਛੁਡਾ ਕੇ ਘਰੋ ਘਰੀ ਪੁਚਾਈ ।

ਅਠ ਸਠ ਤੀਰਥ ਸਗਲ ਪੁਨ
ਜੀਅ ਦਇਆ ਪਰਵਾਨ ।

(੪) ਮਿਠਾ ਬੋਲਨਾ ਸ਼ੁਰੂ ਤੋਂ ਹੀ ਖਾਲਸੇ ਨੂੰ ਦਸ ਦਿਤਾ ਜੋ ਸਭਨਾਂ ਨਾਲ ਪਿਆਰ ਭਾਵ ਨਾਲ ਬੋਲਨਾ ਸਖਾਇਆ ।

ਨਾਨਕ ਫਿਕਾ ਬੋਲੀਏ
ਤਨ ਮਨ ਫਿਕਾ ਹੋਇ।

(੫) ਸਚ–ਇਥੋਂ ਤਕ ਬੋਲਣ ਦਾ ਹੁਕਮ ਕੀਤਾ ਕਿ ਦੁਸ਼ਮਨ ਨਾਲ ਵੀ ਝੂਠ ਬੋਲ ਕੇ ਵਾਰ ਨਾ ਕੀਤਾ ਜਾਏ ।

ਸਗੋਂ–

ਕੂੜ ਬੋਲ ਮੁਰਦਾਰ ਖਾਏ ।

(੬) ਤਪ–ਬਨਾਂ ਵਿਚ ਜਾਕੇ ਧੂਨੀਆਂ ਤਾ ਕੇ ਤਪ ਕਰਨ ਦੀ ਥਾਂ ਗ੍ਰਿਹਸਤ ਵਿਚ ਰਹੇ, ਜਿਥੇ ਹਰ ਵੇਲੇ ਭੜ ਭੜ ਕਰਦੀ ਅਗ ਵਰਸ ਰਹੀ ਹੈ–

ਤਿਤ ਸਰਵਰੜੇ ਭਈ ਲਏ ਨਿਵਾਸਾ
ਪਾਣੀ ਪਾਵਕ ਤਿਨੇ ਕੀਆ ।



www.AKJ.Org

ਜਿਥੇ 'ਮੀਤ ਸਾਜਨ ਸਭ ਜਾਮ' ਵਾਂਗੂ ਹਰ ਵੇਲੇ ਦੁਖ ਸੁਖ ਦੇ ਤਾਪ ਚਾੜ੍ਹੀ ਰਖਦੇ ਨੇ ਉਸ ਗ੍ਰਿਹਸਤ ਵਿਚ ਰਹਿ ਕੇ ਧਰਮ ਦੀ ਕਿਰਤ ਕਰਕੇ ਵੰਡ ਛਕਨਾ ਆਦਿਕ ਕਠਨ ਤਪਸਿਆ ਕਰਕੇ ਮਨੁਖ ਸਾਰੇ ਤਪਾਂ ਤੋਂ ਵਡਾ ਤਪ ਕਰ ਸਕਦਾ ਹੈ ਚੰਗਾ ਗ੍ਰਹਿਸਤੀ ਬਣਾਇਆ ਤੇ ਹੁਕਮ ਕੀਤਾ–

ਗੁਰਮੁਖ ਨਾਮ ਦਾਨ ਇਸਨਾਨ।
ਘਾਲਿ ਖਾਇ ਕਿਛ ਹਥੋ ਦੇਹ
ਨਾਨਕ ਰਾਹ ਪਛਾਨੇ ਸੇ।

(੭) ਦਾਨ ਕਰਨਾ ਹਿੰਦੂ ਮਤ ਅਨੁਸਾਰ ਅਨੇਕ ਤਰ੍ਹਾਂ ਦਾ ਹੈ ਇਥੋਂ ਤਕ ਕਿ ਧਨ ਨਿਰਾ ਮਾਇਆ ਦਾ ਦਾਨ ਨਹੀਂ ਇਸਤਰੀ ਤਕ ਦਾਨ ਕਰਨਾ ਲਿਖਿਆ ਹੈ। ਪਰ ਇਹ ਸਾਰੇ ਦਾਨ ਕਿਸੇ ਸੁਰਗ ਦੀ ਆਸ ਵਿਚ ਕੀਤੇ ਜਾਂਦੇ ਹਨ। ਜੋ ਸੁਰਗ ਲੋਗ ਵਿਚ ਅਪੱਛਰਾਂ ਪ੍ਰਾਪਤ ਹੋਣਗੀਆਂ ਤੇ ਸ਼ਰਾਬ ਮਿਲੇਗੀ, ਪਰ ਖਾਲਸਾ ਸਰਬੰਸ ਦਾਨ ਕਰਕੇ ਵੀ ਆਖ ਸਕਦਾ ਹੈ–

ਰਾਜ ਨ ਚਾਹੂੰ ਮੁਕਤ ਨ ਚਾਹੂੰ
ਮਨ ਪ੍ਰੀਤ ਚਰਨ ਕਮਲਾਰੇ।

ਦਾਨ ਸਖਾਇਆ ਤਨ, ਮਨ, ਧਨ ਕਰਕੇ ਲੋੜਵੰਦ ਦੀ ਸੇਵਾ ਕਰਨੀ ਆਪ ਜੰਞੂ ਨਹੀਂ ਪਾਇਆ ਤਿਲਕ ਨਹੀਂ ਲਾਇਆ ਪਰ ਦੁਖੀ ਪੰਡਤਾਂ ਦੀ ਪੁਕਾਰ ਸੁਣ ਕੇ ਸਰਬੰਸ ਦਾਨ ਕਰ ਦਿਤਾ ਉਹਨਾਂ ਦੀ ਖਾਤਰ–

ਤਿਲਕ ਜੰਞੂ ਰਾਖਾ ਪ੍ਰਭ ਤਾਕਾ
ਕੀਨੋ ਬਡੋ ਕਲੂ ਮਹਿ ਸਾਕਾ।

ਇਹ ਸੀ ਦਾਨ ਜਿਸ ਦੇ ਪਿਛੇ ਕੋਈ ਲਾਲਸਾ ਨਹੀਂ ਸੀ। ਲੋਕ ਦੇ ਸੁਖ, ਰਾਜ ਦੀ ਪ੍ਰਲੋਕ ਦੇ ਸੁਖ ਸਵਰਗਾਂ ਦੀ। ਸਿਖ ਨੂੰ ਰਾਜ ਵਿਚ ਵੀ ਇਹ ਹੁਕਮ ਪਾਲਣ ਦੀ ਪ੍ਰੇਰਨਾ ਸੀ ਜਿਸ ਨੇ ਸ਼ੇਰੇ ਪੰਜਾਬ ਮਹਾਰਾਜੇ ਕੋਲੋਂ ਦਾਨ ਕਿਸ ਤਰ੍ਹਾਂ ਬਿਨਾਂ ਮੇਰ ਤੇਰ ਦੇ ਵਿਤਕਰੇ ਤੋਂ ਹਿੰਦੂ ਮੁਸਲਮਾਨਾਂ ਦੇ ਧਰਮ ਅਸਥਾਨਾਂ ਨੂੰ ਜਗੀਰਾਂ ਲਾ ਦਿਤੀਆਂ ਜਿਸ ਦੀ ਕੋਈ ਮਿਸਾਲ ਨਹੀਂ ਮਿਲਦੀ ਇਤਿਹਾਸ ਵਿਚ।

(੮) ਸੀਲ-ਧਰਮ ਕਿਸ ਤਰ੍ਹਾਂ ਨਿਭਾਇਆ ਆਪਣੇ ਜੀਵਨ ਵਿਚ ਹੀ ਨਹੀਂ ਸਗੋਂ ਸੁਭਾਵਕ ਹੀ ਧਰਮੀ ਹੋਣ ਦਾ ਉਪਦੇਸ਼ ਹੈ ਅੰਮ੍ਰਿਤ ਛਕਣ ਵੇਲੇ ਤੋਂ ਹੀ ਖਾਲਸਾ ਪੁਰਸ਼ ਤੇ ਇਸਤ੍ਰੀ ਕਿਵੇਂ ਅਪਣੇ ਆਚਰਣ ਨੂੰ ਸੰਭਾਲ ਕੇ ਰਖ ਸਕੇ। ਸੀਲ ਸੰਜਮ ਨਾਲ ਹੀ ਹਜ਼ਾਰਾਂ ਲੜਕੀਆਂ ਨੂੰ ਜ਼ਾਲਮਾਂ ਤੋਂ ਛੁਡਾ ਕੇ ਘਰੋ ਘਰ ਪਹੁੰਚਾ ਦਿਤਾ ਖਾਲਸੇ ਨੇ ਕਿਸੇ ਇਕ ਦਾ ਵੀ ਸਤ ਭੰਗ ਨਹੀਂ ਕੀਤਾ, ਸਗੋਂ–

ਵੇਖ ਪਰਾਈਆਂ ਚੰਗੀਆਂ
ਮਾਵਾਂ ਧੀਆਂ ਭੈਣਾਂ ਜਾਨੇ।

ਤੇ ਪੂਰਾ ਅਮਲ ਕੀਤਾ। ਸਿਖ ਬਚੀਆਂ ਨੇ ਸਦਾ ਸ਼ਰਮ ਧਰਮ ਦਾ ਜੀਵਨ ਜੀਵਿਆ।

(੯) ਸੋਚ ਪਵਿਤਰਤਾ ਖਾਲਸੇ ਦਾ ਮੁਖ ਅੰਗ ਰਖਿਆ ਰਹਿਤਨਾਮਿਆਂ ਵਿਚ ਜੋ ਹੁਕਮ ਕੀਤਾ ਉਹ ਇਕ ਸੁੰਦਰ ਮਿਸਾਲ ਹੈ। ਸਿਖ ਨੂੰ ਨਿਤਾ-ਪ੍ਰਤੀ ਇਸ਼ਨਾਨ ਦਾ ਹੁਕਮ ਕੀਤਾ ਤੇ ਨਾਲ ਹੀ ਗੁਰਮੁਖ ਹੋਣ ਦਾ ਮਾਣ ਪ੍ਰਾਪਤ ਕਰਨ ਵਾਲੇ ਵਾਸਤੇ ਜ਼ਰੂਰੀ ਬਣ ਗਿਆ–ਗੁਰਮੁਖ ਨਾਮ ਦਾਨ ਇਸ਼ਨਾਨ ਕਿਉਂ-ਕਿ ਪਵਿਤਰਤਾ ਹੀ ਮਨ ਨੂੰ ਪਵਿਤਰ ਰਖ ਸਕਦੀ ਹੈ ਤੇ ਅਰੋਗਤਾ ਦੀ ਕਾਤੀ ਵੀ ਪਵਿਤਰਤਾ ਹੀ ਹੈ।

(੧੦) ਸਭ ਕੁਝ ਕਰਕੇ ਵੀ 'ਤ੍ਰਿਸ਼ਨਾ' ਰਹਿਤ ਹੋਣਾ ਇਹ ਕਿਡੀ ਔਖੀ ਗਲ ਹੈ, ਕਿਉਂਕਿ ਥੋੜੇ ਤੋਂ ਥੋੜਾ ਸ਼ੁਭ ਕਰਨ ਕਰਕੇ ਮਨ ਵਿਚ ਹੰਕਾਰ ਦਾ ਹੋ ਜਾਣਾ ਤਾਂ ਗਲ ਹੀ ਕੋਈ ਨਹੀਂ ਸਗੋਂ ਉਪ੍ਰੋਕਤ ਕਰਮਾਂ ਦੇ ਕਰਨ ਕਰਕੇ ਇਥੋਂ ਤਕ ਦਿਸ਼ਾ ਹੋ ਜਾਂਦੀ ਹੈ ਜੋ ਹੁਣ ਸਿਖਾਂ ਨੂੰ ਆਪਣੀ ਪੂਜਾ ਸੇਵਾ ਕਰਾਣ ਤੋਂ ਹੋਰ ਕੋਈ ਫ਼ਰਜ਼ ਹੀ ਨਹੀਂ ਰਹਿੰਦਾ, ਸਗੋਂ ਆਪਣੇ ਆਪ ਨੂੰ ਸੰਤ ਸਾਧ ਜਾਂ ਕੁਝ ਹੋਰ ਸਮਝ ਕੇ ਸੁਖਾਂਦੀ-ਆਂ ਆਸਾਂ ਵਾਲਾ ਜੀਵਨ ਬਣਾ ਲੈਣਾ। ਇਸ ਨੂੰ ਵੀ ਪੂਰਣ ਖਾਲਸਾ ਨਹੀਂ ਸਮਝਿਆ ਸਗੋਂ ਹੁਕਮ ਕੀਤਾ ਭਾਈ ਹੁਣ ਤਾਂ ਪੂਰਾ ਮਨੁਖ ਬਨਣ ਵਾਸਤੇ ਸੰਤ ਹੀ ਨਹੀਂ ਸਗੋਂ ਸੰਤ ਸਿਪਾਹੀ ਬਨਣਾ ਹੈ।

(ਬਾਕੀ ਦੇਖੋ ਸਫਾ ੨–ਲੇਖ ਸੂਚੀ ਹੇਠ)



www.AKJ.Org

## ਦੁਨਿਆਵੀ ਮਾਲਾ 'ਚੋਂ ਟੁਟਾ ਤੇ ਗੁਰੂ ਨਾਲ ਜੁੜਿਆ ਹੀਰਾ

# ਸ੍ਰੀਮਾਨ ਭਾਈ ਸ਼ਾਮ ਸਿੰਘ ਜੀ (ਖੰਨੇ ਵਾਲੇ)

ਆਪ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਨਿੰਨ ਪ੍ਰੇਮੀਆਂ 'ਚੋਂ ਇਕ ਸਨ, 25 ਜਨਵਰੀ 1970
ਸ਼ਾਮ ਦੇ ਸਵਾ 6 ਵਜੇ ਪਰਲੋਕ ਸੁਧਾਰ ਗਏ। ਜਿਉਂ ਹੀ ਇਹ ਖ਼ਬਰ ਇਹਨਾਂ ਨਾਲ ਗੁਰ-ਸੰਗਤ ਨਾਤੇ ਪਿਆਰ
ਰਖਣ ਵਾਲੇ ਜਿਸ ਵੀ ਗੁਰਮੁਖ ਪਿਆਰੇ ਨੇ ਸੁਣੀ, ਵਹੀਰਾਂ ਪਾਕੇ ਚੰਡੀਗੜ੍ਹ 26 ਜਨਵਰੀ ਸਸਕਾਰ ਵਾਲੇ ਦਿਨ
ਪੁਜੇ, ਤੇ ਆਪਣੇ ਪਿਆਰੇ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਭਾਈ ਸਾਹਿਬ ਜੀ ਕੁਝ ਸਮੇਂ ਤੋਂ ਬੀਮਾਰ ਸਨ, ਤੇ
ਉਹਨਾਂ ਦੀ ਉਮਰ ਲਗ ਭਗ 60 ਸਾਲ ਸੀ, ਆਪ ਇਸ ਅਵਸਥਾ ਵਿਚ ਵੀ ਤਿਆਰ ਬਰ ਤਿਆਰ ਸਨ ਅਤੇ
ਕੀਰਤਨੀ ਅਖਾੜਿਆਂ ਦੀ ਰੂਹੇ-ਰਵਾਂ ਤੇ ਅਖੰਡ ਕੀਰਤਨੀ ਸਮਾਗਮਾਂ ਦੇ ਸੁਆਦ ਮਾਨਣ ਵਾਲਿਆਂ ਵਿਚੋਂ ਖ਼ਾਸ
ਹਸਤੀ ਸਨ। ਆਪ ਬੜੇ ਮਿੱਠਬੋਲੇ, ਮਿਲਾਪੜੇ ਤੇ ਦਾਨੀ ਪੁਰਸ਼ ਸਨ, ਗੁਰਮਤ ਪ੍ਰਚਾਰ ਹਿਤ 'ਸੂਰਾ' ਨੂੰ ਚੜ੍ਹਦੀਆਂ
ਕਲਾਂ ਵਿਚ ਵੇਖਣ ਲਈ ਸੂਰਾ ਪ੍ਰੈਸ ਚਾਲੂ ਕਰਨ ਵਿਚ ਉਹਨਾਂ ਨੇ ਵਿਸ਼ੇਸ਼ ਹਿੱਸਾ ਪਾਇਆ ਸੀ।

ਉਹਨਾਂ ਦੀ ਆਤਮਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਦਾ ਭੋਗ 8 ਫਰਵਰੀ, 1970 ਦਿਨ ਐਤਵਾਰ ਨੂੰ
ਸਵੇਰੇ 5 ਵਜੇ ਕੋਠੀ ਨੰਬਰ 82 (ਹੋਮ ਸਾਂਇਸ ਕਾਲਜ ਦੇ ਲਾਗੇ) ਸੈਕਟਰ 10—ਏ, ਚੰਡੀਗੜ੍ਹ, ਵਿਖੇ ਪਵੇਗਾ।
ਅਸੀਂ ਉਸ ਗੁਰਮੁਖ ਪਿਆਰੇ ਦੀ ਸੇਵਾ, ਸਿਦਕ ਅਤੇ ਨਿਰਮਾਣਤਾ ਅਗੇ ਆਪਣਾ ਸਿਰ ਝੁਕਾਉਂਦੇ ਹੋਏ
ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਭਾਈ ਸਾਹਿਬ ਜੀ ਦੀ ਰੂਹ ਨੂੰ ਆਪਣੇ 'ਚ ਲੀਨ ਕਰੇ, ਤੇ
ਪਿਛਲੇ ਪ੍ਰਵਾਰ ਨੂੰ ਭਾਣਾ ਮੰਨਣ ਦੀ ਸਮਰੱਥਾ ਬਖ਼ਸ਼ੇ।

(ਐਡੀਟਰ)



ਇਸ ਤਸਵੀਰ ਵਿਚ ਸ੍ਰੀਮਾਨ ਭਾ: ਸ਼ਾਮ ਸਿੰਘ ਜੀ (ਵਿਚਕਾਰ ਸਫ਼ੈਦ ਦਾਹੜੇ ਵਾਲ) ਸੂਰਾ ਪ੍ਰੈਸ
ਚਾਲੂ ਕਰਨ ਸਮੇਂ ਪੰਜਾਂ ਪਿਆਰਿਆਂ ਵਿਚ ਅਰਦਾਸ 'ਚ ਜੁੜੇ ਹੋਏ ਖਲੋਤੇ ਹਨ।

www.AKJ.Org

# ਭਾਈ ਗੁਰਦਾਸ ਜੀ ਦਾ ਸੁਪਨਾ ਸੀ......

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ।

ਪਰ ਪੰਜਾਬ ਵਿਚ

ਪੰਜਾਬੀਆਂ ਦਾ ਰਾਜ ਹੋਣ ਦੇ ਬਾਵਜੂਦ ਵੀ ਸਾਡੇ ਘਰਾਂ ਵਿਚ

- ਗੁਰਬਾਣੀ-ਪ੍ਰੇਮ ਘਟ ਰਿਹਾ ਹੈ ।
- ਕੀਰਤਨ-ਸ਼ਰਧਾ ਅਲੋਪ ਹੋ ਰਹੀ ਹੈ ।
- ਰਹਿਤ-ਬਹਿਤ ਦੇ ਥਾਂ ਫ਼ੈਸ਼ਨ ਵਧ ਰਿਹਾ ਹੈ
- ਨਸ਼ਿਆਂ ਦੀ ਵਰਤੋਂ ਵਧ ਰਹੀ ਹੈ ।
- ਲੋਕ-ਦਿਖਾਵਾ ਵਧ ਰਿਹਾ ਹੈ ।

ਕੀ ਪੰਜਾਬ ਦੇ ਹਿਤੈਸ਼ੀ ਕੌਮ ਦੇ ਦਰਦੀ ਭਾਈ ਗੁਰਦਾਸ ਦੇ ਸੁਪਨੇ ਨੂੰ ਪੂਰਨ ਕਰਨ ਲਈ ਕੁਝ ਸੋਚਣਗੇ ?

www.AKJ.Org